# ਪ੍ਰਸ਼ਨ ਬੈਂਕ–XII ਸ਼੍ਰੇਣੀਂ–ਮੀਡੀਆ ਸਟੱਡੀਜ਼

## ਸ਼੍ਰੇਣੀਂ–XII

## ਮੀਡੀਆ ਸਟੱਡੀਜ਼

## ਪ੍ਰਸ਼ਨ ਬੈਂਕ

(ਦੁਭਾਸ਼ੀ–Bilingual)

ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ. ਨਗਰ (ਮੁਹਾਲੀ)

# ਪ੍ਰਸ਼ਨ ਬੈਂਕ– XII -ਸ਼੍ਰੇਣੀ ਮੀਡੀਆ ਸਟੱਡੀਜ਼

ਵਸਤੂਨਿਸ਼ਠ/ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ (02 ਅੰਕ ਪ੍ਰਤੀ ਪ੍ਰਸ਼ਨ)

Objective type/Very Short answer questions.

* ਬਹੁ–ਚੋਣਵੇਂ ਪ੍ਰਸ਼ਨ (Multiple choice questions.)

01. ਭਾਰਤ ਦਾ ਪ੍ਰਥਮ ਅਖ਼ਬਾਰ Calcutta General Advertiser ਕਦੋਂ ਤੇ ਕਿੱਥੋਂ ਸ਼ੁਰੂ ਹੋਇਆ?

(a) ਸੰਨ 1757, ਪਲਾਸੀ

✓ (b) ਸੰਨ 1780, ਕਲਕੱਤਾ

(c) ਸੰਨ 1857, ਮੇਰਠ

(d) ਸੰਨ 1911, ਦਿੱਲੀ

02. ਪਹਿਲੀਆਂ ਦੋ ਵਿਸ਼ਵ ਜੰਗਾਂ (World Wars)ਕਿਹੜੇ–ਕਿਹੜੇ ਸੰਨ ਵਿੱਚ ਅਰੰਭ ਹੋਈਆਂ?

✓ (a) 1914 ਤੇ 1939

(b) 1918 ਤੇ 1945

(c) 1965 ਤੇ 1971

(d) 1917 ਤੇ 1938

03. ਹਿੰਦੀ ਭਾਸ਼ਾ ਦਾ ਪਹਿਲਾ ਅਖ਼ਬਾਰ ਕਿੱਥੋਂ ਤੇ ਕਦੋਂ ਸ਼ੁਰੂ ਹੋਇਆ ?

(a) ਵਾਰਾਣਸੀ, ਸੰਨ 1850

(b) ਮਦਰਾਸ, ਸੰਨ 1881

✓ (c) ਬਨਾਰਸ, ਸੰਨ 1845

(d) ਰਾਮਪੁਰ, ਸੰਨ 1830

## ਪ੍ਰਸ਼ਨ ਬੈਂਕ XII ਸ਼੍ਰੇਣੀਂ-ਮੀਡੀਆ ਸਟੱਡੀਜ਼

04. ਭਾਰਤ ਦਾ ਪਹਿਲਾ, 'ਉਰਦੂ ਅਖ਼ਬਾਰ' ਕਦੋਂ ਤੇ ਕਿੱਥੋਂ ਅਰੰਭ ਹੋਇਆ?

(a) ਸੰਨ 1837, ਦਿੱਲੀ

(b) ਸੰਨ 1850, ਦਿੱਲੀ

(c) ਸੰਨ 1856, ਦਿੱਲੀ

✓ (d) ਸੰਨ 1835, ਦਿੱਲੀ

05. ਟ੍ਰਿਬਿਊਨ ਦੇ ਸੰਸਥਾਪਕ ਸੰਪਾਦਕ (Founder Editor) ਕੌਣ ਸਨ?

✓ (a) ਸੀਤਲਾ ਕਾਂਤ ਚੈਟਰਜੀ

(b) ਸੁਰਿੰਦਰ ਨਾਥ ਬੈਨਰਜੀ

(c) ਦਿਆਲ ਸਿੰਘ ਮਜੀਠੀਆ

(d) ਡੌਨਲਡ ਬੈਨਰਜੀ

06. ਭਾਰਤ ਦੇ ਪਹਿਲੇ 'ਗੁਰਮੁਖੀ ਅਖ਼ਬਾਰ' ਦੇ ਸੰਪਾਦਕ ਕੌਣ ਸਨ?

(a) ਗਿਆਨੀ ਦਿੱਤ ਸਿੰਘ ਜੀ

✓ (b) ਪ੍ਰੋਫੈਸਰ ਗੁਰਮੁੱਖ ਸਿੰਘ ਜੀ

(c) ਡਾ. ਚਰਨ ਸਿੰਘ ਜੀ 'ਸ਼ਹੀਦ'

(d) ਭਾਈ ਲਾਹੌਰਾ ਸਿੰਘ ਜੀ

07. ਮੁੰਬਈ ਵਿੱਚ 'ਰੇਡੀਓ ਕਲੱਬ ਔਵ ਬੌਂਬੇ' ਦੀ ਸਥਾਪਨਾ ਕਦੋਂ ਹੋਈ?

(a) ਜੁਲਾਈ, 1927

(b) ਜੂਨ, 1936

✓ (c) ਜੂਨ, 1923

(d) ਅਕਤੂਬਰ, 1939

08. A.I.R. ਨੇ ਅਕਤੂਬਰ 1957 ਤੋਂ ਕਿਹੜੀ ਸੇਵਾ ਆਰੰਭੀ ਸੀ?

(a) ਆਕਾਸ਼ਵਾਣੀ

(b) ਬਿਨਾਕਾ ਗੀਤ ਮਾਲਾ

(c) ਨਾਗਪੁਰ ਰਾਤ੍ਰੀ ਸੇਵਾ

✓ (d) ਵਿਵਿਧ ਭਾਰਤੀ ਸੇਵਾ

09. ਕਿਹੜਾ ਰੇਡੀਓ ਪ੍ਰੋਗਰਾਮ ਚੁਟਕਲਿਆਂ ਅਤੇ ਹਾਸ-ਰਸ ਅਧਾਰਤ ਹੈ?

✓ (a) ਸੰਤੋਂ ਜਨ ਕੀ ਮਹਿਫਿਲ

(b) ਹਵਾ ਮਹਿਲ

(c) ਸਿਬਾਕਾ ਗੀਤ ਮਾਲਾ

(d) ਆਵਾਜ਼ ਦੇ ਕਹਾਂ ਹੈ

10. F.M. ਬ੍ਰਾਡਕਾਸਟਿੰਗ ਵਿੱਚ F.M. ਤੋਂ ਕੀ ਭਾਵ ਹੈ?

(a) Fore Modulation

✓ (b) Frequency Modulation

(c) Frequency Medium

(d) Fore Medium

11. ਪ੍ਰਸਾਰ ਭਾਰਤੀ ਦਾ ਦਫ਼ਤਰ ਕਿਹੜੀ ਇਮਾਰਤ ਵਿੱਚ ਬਣਾਇਆ ਗਿਆ ਹੈ?

(a) ਆਕਾਸ਼ਵਾਣੀ ਭਵਨ

(b) ਸੰਸਦ ਭਵਨ

✓ (c) ਪੀ.ਟੀ.ਆਈ. ਬਿਲਡਿੰਗ

(d) ਮੰਡੀ ਹਾਊਸ

12. A.I.R. ਦੇ ਮੁੱਖ ਦਫ਼ਤਰ ਵਿੱਚ ਸਥਿਤ N.S.D. ਤੋਂ ਕੀ ਭਾਵ ਹੈ?

(a) National School of Drama

(b) New School Discipline

(c) New School of Division

✓ (d) News Service Division

13. ਭਾਰਤ ਵਿੱਚ ਰੇਡੀਓ ਤੇ ਟੈਲੀਵਿਜ਼ਨ ਸੇਵਾਵਾਂ ਕਿਹੜੇ ਸਾਲ ਵਿੱਚ ਵੱਖ-ਵੱਖ ਹੋਈਆਂ?

✓ (a) 1976

(b) 1982

(c) 1965

(d) 1959

14. DTH ਸੇਵਾ ਤੋਂ ਕੀ ਭਾਵ ਹੈ?

(a) Delhi to Hyderabad

(b) Delhi to Home

(c) Direct to Hyderabad

✓ (d) Direct to Home

15. ਭਾਰਤੀ ਟੈਲੀਵਿਜ਼ਨ ਉਤੇ ਪ੍ਰਸਾਰਤ ਪ੍ਰਥਮ ਲੜੀਵਾਰ ਨਾਟ ਕਿਹੜਾ ਸੀ?

(a) ਬੁਨਿਆਦ

(b) ਯੇ ਜੋ ਹੈ ਜ਼ਿੰਦਗੀ

✓ (c) ਹਮ ਲੋਗ

(d) ਨੁੱਕੜ

16. ਕਿਹੜੇ ਹਿੰਦੀ ਫ਼ਿਲਮੀ ਨਾਇਕ ਨੇ ਦੂਰਦਰਸ਼ਨ ਦੇ ਲੜੀਵਾਰ 'ਫ਼ੌਜੀ' ਤੋਂ ਸ਼ੁਰੂਆਤ ਕੀਤੀ ?

(a) ਅਕਸ਼ੈ ਕੁਮਾਰ

(b) ਅਕਸ਼ੈ ਖੰਨਾ

(c) ਰਣਬੀਰ ਕਪੂਰ

✓ (d) ਸ਼ਾਹਰੁੱਖ ਖਾਨ

17. ਪੰਜਾਬੀ ਫ਼ਿਲਮਾਂ 'ਮੜ੍ਹੀ ਦਾ ਦੀਵਾ' ਅਤੇ 'ਚੰਨ ਪ੍ਰਦੇਸੀ' ਵਿੱਚ ਕਿਹੜਾ ਅਦਾਕਾਰ ਸਾਂਝਾ ਹੈ ?

✓ (a) ਰਾਜ ਬੱਬਰ

(b) ਕਲਭੂਸ਼ਨ ਖਰਬੰਦਾ

(c) ਮਿਹਰ ਮਿੱਤਲ

(d) ਪੰਕਜ ਕਪੂਰ

18. ਸ਼ਬਦ WhatsApp ਵਿੱਚ App ਤੋਂ ਕੀ ਭਾਵ ਹੈ?

(a) Appropriate

✓ (b) Application

(c) Apple

(d) Apposite

19. ਕਿਸੇ ਵੀ ਵੈਬਸਾਈਟ ਵਿੱਚ WWW ਤੋਂ ਕੀ ਭਾਵ ਹੈ?

(a) What, Where, Who

(b) World Wide What

✓ (c) World Wide Web

(d) What's World Wide

ਪ੍ਰਸ਼ਨ ਬੈਂਕ-XII ਸ਼੍ਰੇਣੀਂ-ਮੀਡੀਆ ਸਟੱਡੀਜ਼

20. ਰਾਗੀ ਅਵਤਾਰ ਸਿੰਘ ਤੇ ਰਾਗੀ ਅਮਰਿੰਦਰ ਸਿੰਘ ਨੇ ਫ਼ਿਲਮੀ ਪਰਦੇ ਉਤੇ ਪਹਿਲੀ ਵਾਰ ਕਿਹੜੀ ਫ਼ਿਲਮ ਲਈ ਕੀਰਤਨ ਦੀ ਪੇਸ਼ਕਾਰੀ ਕੀਤੀ ਸੀ?

(a) ਦੁਖ ਭੰਜਨ ਤੇਰਾ ਨਾਮ

(b) ਨਾਨਕ ਨਾਮ ਜਹਾਜ਼

(c) ਮਨ ਜੀਤੈ ਜਗੁ ਜੀਤ

✓ (d) ਨਾਨਕ ਦੁਖੀਆ ਸਭੁ ਸੰਸਾਰ

*** ਖਾਲੀ ਥਾਂ ਭਰੋ (Fill in the blanks)**

21.ਸੰਨ 1913 ਵਿੱਚ ਗਦ਼ਰ ਪਾਰਟੀ ਵੱਲੋਂ ਕੱਢੇ ਗਏ ਅਖ਼ਬਾਰ ਦਾ ਨਾਮ ਸੀ............। (ਗ਼ਦਰ)

22. 19ਵੀਂ ਸਦੀ ਵਿੱਚ............ਧਰਮ ਦੇ ਸਮਾਜ ਵੱਲੋਂ ਚਲਾਈ ਗਈ ਲਹਿਰ ਸੀ, ਤਬਲੀਗੀ ਤਨਜ਼ੀਮ।(ਮੁਸਲਮਾਨ)

23. ਪਗੜੀ ਸੰਭਾਲ ਲਹਿਰ ਦੇ ਬਾਨੀ ਸ.ਅਜੀਤ ਸਿੰਘ, ਭਗਤ ਸਿੰਘ (ਸ਼ਹੀਦ) ਦੇ.............ਲੱਗਦੇ ਸਨ।(ਚਾਚਾ ਜੀ)

24. Orkut ਮੁੱਢਲੇ ਤੌਰ ’ਤੇ............ਦੇਸ਼ ਦੀ ਮਸ਼ਹੂਰ ਹੋਈ ਸੋਸ਼ਲ ਨੈਟਵਰਕਿੰਗ ਸਰਵਿਸ ਸੀ।(ਬਰਾਜ਼ੀਲ)

25. Margret Rous ਮੁਤਾਬਕ ਫੇਸਬੁੱਕ ਇੱਕ......... ਵਾਂਗੂੰ ਹੈ।( Market place ਜਾਂ ਬਜ਼ਾਰ )

26. Instagram ਅਸਲ ਵਿੱਚ .......ਦਾ ਹੀ ਸਰਲ ਰੂਪ ਹੈ।(Facebook)

27. ਸਰਬਭਾਰਤੀ ਸੰਪਾਦਕ ਕਾਨਫ਼ਰੰਸ ਵੱਲੋਂ ਸੰਨ .........ਵਿੱਚ ਕੁਝ ਸਵੈ ਨੇਮ ਐਲਾਨੇ ਗਏ।(1968)

28. ABC ਤੋਂ ਭਾਵ ਹੈ; ਔਡਿਟ ਬਿਊਰੋ ਆਫ਼..............।(ਸਰਕੁਲੇਸ਼ਨ)

29. Pdf ਤੋਂ ਭਾਵ ਹੈ; Portable............format. (document)

30. ਪਲੇਠੀ ਪੰਜਾਬੀ ਫ਼ਿਲਮ ’ਇਸ਼ਕ-ਏ-ਪੰਜਾਬ ਉਰਫ਼ ਮਿਰਜ਼ਾ ਸਾਹਿਬਾ’ ਸੰਨ..........ਵਿੱਚ ਰਿਲੀਜ਼ ਹੋਈ।(1935)

31. ਪੰਜਾਬੀ ਰੰਗਮੰਚ ਦੀ ਮਾਂ ਦਾ ਖ਼ਿਤਾਬ ਆਇਰਲੈਂਡ ਦੀ ਜੰਮਪਲ............ਨੂੰ ਦਿੱਤਾ ਜਾਂਦਾ ਹੈ।(ਨੋਰਾ ਰਿਚਰਡਜ਼)

32. ਸ਼ੁਰੂਆਤੀ ਦੌਰ ਵਿੱਚ ਹਿੰਦੀ ਫ਼ਿਲਮੀ ਕਲਾਕਾਰ ਕੁੰਦਨ ਲਾਲ ਰਾਜਪਾਲ, ਸੰਗੀਤਕਾਰ ਤੋਂ ਗਾਇਕ ਬਣਨ ਮਗਰੋਂ.................ਨਾਮ ਨਾਲ ਪ੍ਰਸਿੱਧ ਹੋਏ।(ਕੇ.ਐੱਲ. ਸਹਿਗਲ)

33. ਪੰਜਾਬੀ ਫ਼ਿਲਮ 'ਮਦਾਰੀ' ਵਿੱਚ ਗਾਏ (ਸੰਨ 1950) ਗੀਤਾਂ ਨਾਲ ਗਾਇਕਾ.........ਦੀ ਗੁੱਡੀ ਅਸਮਾਨੀਂ ਜਾ ਚੜ੍ਹੀ। (ਲਤਾ ਮੰਗੇਸ਼ਕਰ)

34. ਹਿੰਦੀ ਦਾ ਪਹਿਲਾ ਅਖ਼ਬਾਰ ਜੋ ਗੁਰਮੁਖੀ ਲਿਪੀ ਵਿੱਚ ਛੱਪਦਾ ਸੀ, ਉਹ ਸੀ..........। (ਅਖ਼ਬਾਰ ਸ੍ਰੀ ਦਰਬਾਰ ਸਾਹਿਬ)

35. 'ਆਕਾਸ਼ਵਾਣੀ' ਨਾਮ ਦੀ ਤਜਵੀਜ਼.........ਨੇ ਦਿੱਤੀ ਸੀ। (ਰਬਿੰਦਰ ਨਾਥ ਟੈਗੋਰ)

36. ਸ੍ਰੀਲੰਕਾ ਤੋਂ ਪ੍ਰਸਿੱਧ ਪ੍ਰੋਗਰਾਮ ਗੀਤਮਾਲਾ ਪੇਸ਼ ਕਰਨ ਵਾਲੇ ਰੇਡੀਓ ਦਾ ਨਾਮ ਸੀ, ਰੇਡੀਓ........। (ਸਿਲੋਨ)

37. ਜੁਲਾਈ, 1969 ਵਿੱਚ ਨੌਜਵਾਨਾਂ ਲਈ ਅਰੰਭੇ ਰੇਡੀਓ ਪ੍ਰੋਗਰਾਮ ਦਾ ਨਾਮ ਸੀ.........। (ਯੁਵ-ਵਾਣੀ)

38. ਪੰਜਾਬੀ ਦੀ ਕੌਮੀ ਪੁਰਸਕਾਰ ਪ੍ਰਾਪਤ ਪਹਿਲੀ ਫ਼ਿਲਮ.........(1962) ਸੀ। (ਚੌਧਰੀ ਕਰਨੈਲ ਸਿੰਘ)

39. ਟ੍ਰਿਬਿਊਨ ਅਖ਼ਬਾਰ ਸਮੂਹ ਦੇ ਦਫ਼ਤਰ ਲਾਹੌਰ ਤੇ ਚੰਡੀਗੜ੍ਹ ਤੋਂ ਇਲਾਵਾ ਸ਼ਹਿਰ........ਵਿੱਚ ਵੀ ਰਹੇ ਹਨ।(ਅੰਬਾਲ਼ਾ ਜਾਂ ਸ਼ਿਮਲਾ)

40. ਸ੍ਰ.ਗੁਰਬਖ਼ਸ਼ ਸਿੰਘ ਨੇ ਸੰਨ 1933 ਵਿੱਚ ਅੰਮ੍ਰਿਤਸਰ ਨੇੜਿਓਂ ਰਸਾਲਾ...........ਅਰੰਭਿਆ ਸੀ। (ਪ੍ਰੀਤਲੜੀ)

***ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦਿਓ** (Answer the questions upto a sentence)

41. 'ਟ੍ਰਿਬਿਊਨ' ਦੇ ਬਾਨੀ ਕੌਣ ਸਨ ਤੇ ਉਨ੍ਹਾਂ ਦਾ ਜਨਮ ਕਿੱਥੇ ਹੋਇਆ ਸੀ? ਦਿਆਲ ਸਿੰਘ ਮਜੀਠਆ, ਬਨਾਰਸ

42. ਗੁਰਮੁਖੀ ਅੱਖਰਾਂ ਦਾ ਟਾਈਪ ਸਭ ਤੋਂ ਪਹਿਲਾਂ ਕਿੱਥੋਂ ਦੀ ਕਿਹੜੀ ਪ੍ਰੈੱਸ ਨੇ ਬਣਵਾਇਆ ਸੀ? ਲੁਧਿਆਣਾ ਦੀ ਮਿਸ਼ਨ ਪ੍ਰੈੱਸ

43. ਨਾਮਧਾਰੀ ਲਹਿਰ ਦਾ ਦੂਸਰਾ ਨਾਮ ਕੀ ਸੀ ਤੇ ਇਸ ਦੇ ਮੋਢੀ ਕੌਣ ਸਨ? ਕੂਕਾ ਲਹਿਰ, ਬਾਬਾ ਰਾਮ ਸਿੰਘ ਜੀ

44. ਮੁਨਸ਼ੀ ਨਵਲ ਕਿਸ਼ੋਰ ਨੇ ਲਖ਼ਨਊ ਤੋਂ ਕਦੋਂ ਤੇ ਕਿਹੜਾ ਅਖ਼ਬਾਰ ਕੱਢਿਆ ਸੀ? ਸੰਨ 1858 ਵਿੱਚ, ਅਵਧ

45. ਵੀਹਵੀਂ ਸਦੀ ਵਿੱਚ ਦਿੱਲੀ ਭਾਰਤ ਦੀ ਰਾਜਧਾਨੀ ਕਦੋਂ ਬਣੀ ਤੇ ਉਸ ਤੋਂ ਪਹਿਲਾਂ ਰਾਜਧਾਨੀ ਕਿਹੜੀ ਸੀ? ਸੰਨ 1911, ਕਲਕੱਤਾ

46. ਨਵਾਬ ਸਿਰਾਜ-ਉੱਲ-ਦੌਲਾ ਤੇ ਲਾਰਡ ਕਲਾਈਵ ਵਿਚਾਲੇ ਕਦੋਂ ਤੇ ਕਿੱਥੇ ਯੁੱਧ ਹੋਇਆ ਸੀ? ਸੰਨ 1757, ਪਲਾਸੀ (ਬੰਗਾਲ)

47. ਅੰਗਰੇਜ਼ੀ ਅਖ਼ਬਾਰ 'ਪਾਇਓਨੀਰ' ਤੇ ' ਅੰਮ੍ਰਿਤ ਬਜ਼ਾਰ ਪਤ੍ਰਿਕਾ' ਕਿੱਥੋਂ-ਕਿੱਥੇ ਅਰੰਭ ਹੋਏ ਸਨ? ਲਖ਼ਨਊ ਤੇ ਕਲਕੱਤਾ

48.ਪੰਡਤ ਮਦਨ ਮੋਹਨ ਮਾਲਵੀਆ ਦਾ ਉਨੀਵੀਂ ਸਦੀ ਦੇ ਕਿਹੜੇ ਦੋ ਅਖ਼ਬਾਰਾਂ ਨਾਲ ਜੁੜਦਾ ਹੈ? ਲੀਡਰ ਤੇ ਟ੍ਰਿਬਿਊਨ

49. ਉਨੀਵੀਂ ਸਦੀ ਵਿੱਚ ਕਾਰਜ ਕਰਨ ਵਾਲੇ ਕੋਈ ਦੋ ਪੰਜਾਬੀ ਪੱਤਰਕਾਰਾਂ ਦੇ ਨਾਮ ਲਿਖੋ। ਭਾਈ (ਪ੍ਰੋ.) ਗੁਰਮੁੱਖ ਸਿੰਘ ਜੀ, ਗਿਆਨੀ ਦਿੱਤ ਸਿੰਘ ਜੀ

50. ਸੰਨ 1947 ਦੇ ਲਾਗੇ-ਚਾਗੇ ਪੰਜਾਬ ਦੇ ਕਿਹੜੇ ਦੋ ਸ਼ਹਿਰ ਅਖ਼ਬਾਰਾਂ ਦੇ ਮੁੱਖ ਕੇਂਦਰ ਸਨ? ਅੰਮ੍ਰਿਤਸਰ ਤੇ ਜਲੰਧਰ

51. ਸੰਨ 1927 ਵਿੱਚ ਬੰਬਈ ਤੇ ਕਲਕੱਤਾ ਵਿੱਚ ਰੇਡੀਓ ਸਟੇਸ਼ਨ ਕਿਹੜੀ ਕਿਹੜੀ ਤਰੀਖ ਨੂੰ ਖੋਲ੍ਹੇ ਗਏ? 23 ਜੁਲਾਈ ਤੇ 26 ਅਗਸਤ

52. 'ਆਕਾਸ਼ਵਾਣੀ' ਕਦੋਂ ਤਜਵੀਜ਼ ਹੋਇਆ ਤੇ ਕਦੋਂ ਅਪਣਾਇਆ ਗਿਆ? ਸੰਨ 1930 ਤੇ ਸੰਨ 1956

53. ਵਿਵਧ ਭਾਰਤੀ ਸੇਵਾ ਕਦੋਂ ਆਰੰਭੀ ਗਈ ਸੀ? 03 ਅਕਤੂਬਰ, 1957 ਤੋਂ

54. ਆਲ ਇੰਡੀਆ ਰੇਡੀਓ ਨੇ ਪ੍ਰਥਮ ਐਫ.ਐਮ. ਸੇਵਾ ਕਦੋਂ ਅਰੰਭੀ? 23 ਜੁਲਾਈ, 1977 ਤੋਂ

55. ਵਿਦੇਸ਼ ਸੇਵਾ ਡਿਵੀਜ਼ਨ ਕਿੰਨੀਆਂ ਵਿਦੇਸ਼ੀ ਤੇ ਕਿੰਨੀਆਂ ਭਾਰਤੀ ਭਾਸ਼ਾਵਾਂ ਵਿੱਚ ਪ੍ਰੋਗਰਾਮ ਪੇਸ਼ ਕਰਦਾ ਹੈ? 16 ਵਿਦੇਸ਼ੀ ਤੇ 11 ਭਾਰਤੀ

56. ਸੈਂਟਰਲ ਡਰਾਮਾ ਯੂਨਿਟ ਕਦੋਂ ਆਲ ਇੰਡੀਆ ਰੇਡੀਓ ਵਿੱਚ ਸਥਾਪਤ ਕੀਤਾ ਗਿਆ ਤੇ ਇਹ ਕੀ ਨਿਰਮਾਣ ਕਰਦਾ ਹੈ? ਸੰਨ 1960 ਵਿੱਚ, ਰੇਡੀਓ ਨਾਟਕ

57. ਪੰਜਾਬ ਵਿੱਚ ਸਥਿਤ ਆਲ ਇੰਡੀਆ ਰੇਡੀਓ-ਆਕਾਸ਼ਵਾਣੀ ਦੇ ਕੋਈ ਦੋ ਰੇਡੀਓ ਸਟੇਸ਼ਨਾਂ ਦੇ ਸਥਾਪਨਾ ਸਥਾਨ ਲਿਖੋ। ਜਲੰਧਰ, ਚੰਡੀਗੜ੍ਹ, ਪਟਿਆਲਾ, ਬਠਿੰਡਾ (ਕੋਈ ਦੋ)

58. ਪੰਜਾਬ ਵਿੱਚ ਮਕਬੂਲ (popular) ਕੋਈ ਦੋ ਪ੍ਰਾਈਵੇਟ ਐਫ.ਐਮ. ਰੇਡੀਓ ਸੇਵਾਵਾਂ ਦੇ ਨਾਮ ਲਿਖੋ। 92.7 Big F.M. , 91.1 Radio City F.M.

59. ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ ਦਾ ਕਿਹੜਾ ਪ੍ਰੋਗਰਾਮ ਫ਼ਿਲਮੀ ਗੀਤਾਂ ਦੀ ਫਰਮਾਇਸ਼ ਦੇ ਜ਼ਰੀਏ ਭਾਰਤ ਤੇ ਪਾਕਿਸਤਾਨ ਦੇ ਆਪਸ ਵਿੱਚ ਵਿਛੜੇ ਲੋਕਾਂ ਦੇ ਮਿਲਾਪ ਦਾ ਆਧਾਰ ਬਣਦਾ ਰਿਹਾ? ਆਵਾਜ਼ ਦੇ ਕਹਾਂ ਹੈ

60. ਆਕਾਸ਼ਵਾਣੀ ਦੇ ਜਲੰਧਰ ਕੇਂਦਰ ਤੋਂ ਸ਼ਾਮ ਵੇਲੇ ਪੇਸ਼ ਕੀਤੇ ਜਾਂਦੇ ਰਹੇ ਅੱਧੇ ਘੰਟੇ ਦੇ ਧਾਰਮਿਕ ਪ੍ਰੋਗਰਾਮ ਦਾ ਕੀ ਨਾਮ ਸੀ ? ਗੁਰਬਾਣੀ ਵਿਚਾਰ

61. ਵਿਵਿਧ ਭਾਰਤੀ ਦੇ ਕੁਲ ਕਿੰਨੇ ਰੇਡੀਓ ਸਟੇਸ਼ਨ ਹਨ ਤੇ ਇਨ੍ਹਾਂ ਵਿੱਚੋਂ ਕਿੰਨੇ ਪੰਜਾਬ ਵਿੱਚ ਪੈਂਦੇ ਹਨ? ਕੁਲ 30, ਪੰਜਾਬ 'ਚ 02

62. 'ਲੰਘ ਆ ਜਾਹ ਪੱਤਣ ਝਨਾਂ ਦਾ' ਗੀਤ ਦੀ ਤਰਜ਼ ਨਾਲ ਅਰੰਭ ਹੁੰਦਾ ਰੇਡੀਓ ਪ੍ਰੋਗਰਾਮ ਆਕਾਸ਼ਵਾਣੀ ਦੇ ਕਿਹੜੇ ਕੇਂਦਰ ਤੋਂ ਪ੍ਰਸਾਰਤ ਹੁੰਦਾ ਸੀ? ਜਲੰਧਰ

63. ਭਾਰਤ ਵਿੱਚ ਟੈਲੀਵਿਜ਼ਨ ਸੇਵਾਵਾਂ ਅਰੰਭਣ ਤੋਂ ਪਹਿਲਾਂ ਚਲਾਏ ਗਏ ਪ੍ਰਯੋਗੀ ਪ੍ਰੋਗਰਾਮ ਦਾ ਨਾਮ ਕੀ ਸੀ ? SITE-Sattelite Instructional Television Experiment

64. ਦਰਸ਼ਕਾਂ ਦੀ ਗਿਣਤੀ (Viewership) ਦੇ ਪੱਖੋਂ ਟੈਲੀਵਿਜ਼ਨ ਦਾ ਸਭ ਤੋਂ ਵੱਧ ਮਨਪਸੰਦ ਹਾਸਰਸ ਪ੍ਰੋਗਰਾਮ ਕਿਹੜਾ ਰਿਹਾ ਹੈ ਤੇ ਇਹ ਕਿਹੜੇ ਚੈਨਲ ਉੱਤੇ ਟੈਲੀਕਾਸਟ ਹੁੰਦਾ ਰਿਹਾ ਹੈ? ਦਿ ਕਪਿਲ ਸ਼ਰਮਾ ਸ਼ੋਅ, ਸੋਨੀ ਟੀ.ਵੀ.

65. ਟੀ.ਵੀ.ਸਟੂਡੀਓ ਤੋਂ ਬਾਹਰੋਂ ਟੈਲੀਕਾਸਟ ਲਈ ਵਰਤੀ ਜਾਂਦੀ ਵੈਨ ਦੀ ਸਹੂਲਤ ਦਾ ਪੂਰਾ ਨਾਮ ਕੀ ਹੁੰਦਾ ਹੈ? O.B. Van ਜਾਂ Out Broadcast Van

66. ਭਾਰਤੀ ਟੈਲੀਵਿਜ਼ਨ ਦੇ ਇਤਿਹਾਸ ਵਿੱਚ ਸੰਨ 1982 ਵਿੱਚ ਕਿਹੜੀ ਨਵੀਂ ਪ੍ਰਾਪਤੀ ਵਾਪਰੀ ਸੀ? ਕੌਮੀ (National) ਟੈਲੀਕਾਸਟ ਅਰੰਭ ਜਾਂ ਰੰਗੀਨ ਟੀ.ਵੀ. ਅਰੰਭ

67. ਸੰਨ 1973 ਵਿੱਚ, ਭਾਰਤੀ ਟੈਲੀਵਿਜ਼ਨ ਸੇਵਾ ਕਿਹੜੇ ਦੋ ਕੇਂਦਰਾਂ ਤੋਂ ਅਰੰਭੀ ਗਈ ਸੀ ? ਸ੍ਰੀਨਗਰ, ਪੁਣੇ ਤੇ ਅੰਮ੍ਰਿਤਸਰ ਤੋਂ (ਕੋਈ ਦੋ)

68. ਭਾਰਤੀ ਟੈਲੀਵਿਜ਼ਨ ਦਾ ਪ੍ਰਯੋਗੀ ਪ੍ਰੋਗਰਾਮ SITE ਜਿਹੜੇ 06 ਸਥਾਨਾਂ ਤੋਂ ਅਰੰਭਿਆ ਗਿਆ ਉਨ੍ਹਾਂ ਵਿੱਚੋਂ ਕੋਈ ਦੋ ਰਾਜਾਂ ਦੇ ਰਾਜਧਾਨੀ ਸ਼ਹਿਰਾਂ ਦੇ ਨਾਮ ਦੱਸੋ? ਜੈਪੁਰ, ਰਾਏਪੁਰ ਤੇ ਹੈਦਰਾਬਾਦ (ਕੋਈ ਦੋ)

69. ਦੂਰਦਰਸ਼ਨ ਤੇ ਆਲ ਇੰਡੀਆ ਰੇਡੀਓ ਦਾ ਆਪਸੀ ਤੋੜ-ਵਿਛੋੜਾ (Delinking) ਕਦੋਂ ਹੋਇਆ? 01 ਅਪਰੈਲ 1976

70. ਸੰਨ 1975 ਵਿੱਚ ਕਿਹੜੇ ਦੋ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਟੀ.ਵੀ. ਪ੍ਰਸਾਰਨ ਕੇਂਦਰ ਸਥਾਪਤ ਹੋਏ? ਬੰਗਾਲ ਤੇ ਤਾਮਿਲਨਾਡੂ

## ਪ੍ਰਸ਼ਨ ਬੈਂਕ–XII ਸ਼੍ਰੇਣੀਂ–ਮੀਡੀਆ ਸਟੱਡੀਜ਼

71. ਪੰਜਾਬੀ ਫ਼ਿਲਮ 'ਮੜੀ ਦਾ ਦੀਵਾ' ਕਿਸ ਲੇਖਕ ਦੇ ਕਿਹੜੇ ਨਾਮ ਦੇ ਨਾਵਲ 'ਤੇ ਆਧਾਰਤ ਹੈ? ਗੁਰਦਿਆਲ ਸਿੰਘ, ਮੜ੍ਹੀ ਦਾ ਦੀਵਾ

72. ਭਾਰਤੀ ਸਿਨੇਮਾ ਦੀ ਪਹਿਲੀ ਬੋਲਦੀ (ਆਵਾਜ਼ ਸਮੇਤ ਜਾਂ ਅਮੂਕ) ਫ਼ਿਲਮ ਕਿਹੜੀ ਸੀ? ਆਲਮ ਆਰਾ

73. 1930ਵਿਆਂ ਦੇ ਆਰੰਭ ਵਿੱਚ ਬਣਾਈ ਗਈ ਕਿਹੜੀ ਹਿੰਦੀ ਫ਼ਿਲਮ ਵਿੱਚ 71 ਗੀਤ ਸਨ? ਇੰਦਰ ਸਭਾ

74. ਬਾਲੀਵੁੱਡ (ਹਿੰਦੀ ਸਿਨੇਮਾ ਜਗਤ) ਵਿੱਚ 1960 ਵਿਆਂ ਦੇ ਦਹਾਕੇ ਵਿੱਚ ਕਿਹੜੀ ਸੰਗੀਤਕਾਰ ਤੇ ਗਾਇਕਾ ਦੀ ਜੋੜੀ ਨੇ ਆਪਣੀ ਸਭ ਤੋਂ ਵੱਧ ਪੈਂਠ ਬਣਾਈ? ਓ.ਪੀ. ਨੱਈਅਰ ਤੇ ਆਸ਼ਾ ਭੋਂਸਲੇ

75. ਫ਼ਿਲਮ ਫ਼ਾਇਨਾਂਸ ਕਾਰਪੋਰੇਸ਼ਨ ਦਾ ਨਾਮ ਬਦਲ ਕੇ NFDC ਰੱਖਿਆ ਗਿਆ ਸੀ। ਇਸ ਦਾ ਪੂਰਾ ਕੀ ਹੈ? National Film Development Corporation

76. 1950 ਵਿਆਂ ਦੇ ਦਹਾਕੇ ਵਿੱਚ ਪ੍ਰਸਿੱਧ ਹੋਏ ਸੱਤਿਆਜੀਤ ਰੇਅ ਦੀ ਉਸ ਹਿੰਦੀ ਫ਼ਿਲਮ ਦਾ ਨਾਮ ਲਿਖੋ ਜੋ ਅਵਧ ਉਤੇ ਅੰਗਰੇਜ਼ਾਂ ਦੇ ਕਬਜ਼ੇ ਵੇਲੇ ਨਵਾਬਾਂ ਦੀ ਲਾਪ੍ਰਵਾਹੀ ਦੀ ਕਥਾ ਬਿਆਨਦੀ ਹੈ। ਸ਼ਤਰੰਜ ਕੇ ਖਿਲਾੜੀ

77. ਭਾਰਤੀ ਫ਼ਿਲਮ ਸੈਂਸਰ ਬੋਰਡ ਕਦੋਂ ਸਥਾਪਤ ਕੀਤਾ ਗਿਆ ਸੀ? ਸੰਨ 1952 ਵਿੱਚ

78. ਸੀ ਬੀ ਐਫ਼ ਸੀ ਦਾ ਪੂਰਾ ਨਾਮ ਕੀ ਹੈ? Central Board of Film Certification

79. ਹਿੰਦੀ ਫ਼ਿਲਮ ਜਗਤ ਦੇ ਪਿਤਾਮਾ ਧੁੰਦੀਰਾਜ ਗੋਵਿੰਦ ਫਾਲਕੇ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ? ਦਾਦਾ ਸਾਹਿਬ ਫਾਲਕੇ

80. ਭਾਰਤ ਦੀ ਪ੍ਰਥਮ ਫ਼ਿਲਮ 'ਰਾਜਾ ਹਰੀਸ਼ ਚੰਦਰ' ਕਦੋਂ ਰਿਲੀਜ਼ ਕੀਤੀ ਗਈ ਸੀ? ਅਪ੍ਰੈਲ, 1913 ਵਿੱਚ

81. ਸੰਨ 1906 ਵਿੱਚ ਅਖ਼ਬਾਰ 'ਝੰਗ ਸਿਆਲ' ਨੇ ਕਿਹੜੇ ਸਿਰਲੇਖ ਦੀ ਕਵਿਤਾ ਛਪ ਕੇ ਲੋਕ ਰੋਹ ਪੈਦਾ ਕੀਤਾ ਸੀ? ਪਗੜੀ ਸੰਭਾਲ ਓ ਜੱਟਾ, ਪਗੜੀ

82. ਚਾਚਾ ਅਜੀਤ ਸਿੰਘ ਜੀ ਦੀ ਮੌਤ ਕਦੋਂ ਤੇ ਕਿੱਥੇ ਹੋਈ ਸੀ? 15 ਅਗਸਤ, 1947 ਨੂੰ ਡਲਹੌਜ਼ੀ ਵਿਖੇ

83. ਸੰਨ 1969 ਵਿੱਚ ਬਣੀ ਕਿਹੜੀ ਪੰਜਾਬੀ ਫ਼ਿਲਮ ਨੂੰ ਪ੍ਰਥਮ ਧਾਰਮਿਕ ਫ਼ਿਲਮ ਕਿਹਾ ਜਾ ਸਕਦਾ ਹੈ? ਨਾਨਕ ਨਾਮ ਜਹਾਜ਼ ਹੈ

84. Globalisation ਦੀ ਪ੍ਰਕਿਰਿਆ ਨੂੰ ਪੰਜਾਬੀ ਵਿੱਚ ਕਿਹੜੇ ਦੋ ਨਾਮ ਦਿੱਤੇ ਜਾਂਦੇ ਹਨ? ਸੰਸਾਰੀਕਰਨ, ਵਿਸ਼ਵੀਕਰਨ

85. ਦੱਖਣੀ ਏਸ਼ਿਆਈ ਖਿੱਤੇ ਵਿੱਚ ਖੋਜ ਲਈ 12ਵੀਂ ਤੇ 13ਵੀਂ ਸਦੀ ਤੱਕ ਆਏ ਕੋਈ ਦੋ ਵਿਦੇਸ਼ੀ ਯਤਾਰੀਆਂ ਦੇ ਨਾਂ ਲਿਖੋ?

86. ਭਾਰਤ ਵਿੱਚ ਕਿਹੜੀ ਬਰਾਮਦ ਕੀਤੀ ਜਾਣ ਵਾਲੀ ਵਸਤੂ ਦੀ ਮੰਗ ਰੁਪਏ ਦਾ ਮੁੱਲ ਘਟਾ ਦਿੰਦੀ ਹੈ? ਪੈਟਰੋਲੀਅਮ ਤੇ ਉਸ ਤੋਂ ਬਣਦੇ ਪਦਾਰਥ

87. ਮੌਖਿਕ ਰੂਪ ਵਿੱਚ ਕੀਤੀ ਗਈ ਬੇਇਜ਼ਤੀ ਨੂੰ ਕਾਨੂੰਨੀ ਭਾਸ਼ਾ ਵਿੱਚ ਕੀ ਆਖਦੇ ਹਨ ? ਹੱਤਕ-ਇਜ਼ੱਤ ਜਾਂ slander

88. ਲਿਖਤੀ ਜਾਂ ਛਪਾਈ ਰੂਪ ਵਿੱਚ ਕੀਤੀ ਗਈ ਬੇਇਜ਼ਤੀ ਨੂੰ ਕਾਨੂੰਨੀ ਭਾਸ਼ਾ ਵਿੱਚ ਕੀ ਆਖਦੇ ਹਨ? ਮਾਣਹਾਨੀ ਜਾਂ libel

89. ਅਜੋਕੀ ਸੰਸਨੀਖੇਜ਼ ਮੀਡੀਆ ਰਿਪੋਰਟਿੰਗ ਵਿੱਚ ਕਿਹੜੀ ਵਿਸ਼ੇਸ਼ਤਾ ਉੱਕਾ ਹੀ ਖ਼ਤਮ ਹੋ ਗਈ ਜਾਪਦੀ ਹੈ ? ਸੰਖੇਪਤਾ ਜਾਂ bravity

90. ਕਿਹੜੀ ਰੋਕ ਮੀਡੀਆ ਕਰਮੀਆਂ ਦੇ 'ਬੋਲਣ ਦੇ ਹੱਕ' ਦੀ ਵਿਰੋਧੀ ਕਾਰਵਾਈ ਮੰਨੀ ਜਾਂਦੀ ਹੈ? ਸੈਂਸਰਸ਼ਿੱਪ

91. ਕਿਸੇ ਖ਼ਬਰ ਨੂੰ ਕਵਰੇਜ ਦੀ ਖ਼ਾਤਰ ਕੀਤੀ ਜਾਸੂਸੀ ਜਾਂ ਖ਼ੁਫੀਆ ਕਾਰਵਾਈ ਨੂੰ ਮੀਡੀਆ ਕਰਮੀ ਦੀ ਭਾਸ਼ਾ ਵਿੱਚ ਕੀ ਨਾਮ ਦਿੱਤਾ ਜਾਂਦਾ ਹੈ? ਸਟਿੰਗ ਅਪ੍ਰੇਸ਼ਨ (sting)

92. ਕਿਸੇ ਮੀਡੀਆ ਰਿਪੋਰਟ ਦੀ ਤਰੁਟੀ ਦੇ ਸੁਧਾਰ ਲਈ ਦਿੱਤੇ ਨੋਟਿਸ ਨੂੰ ਕੀ ਆਖਦੇ ਹਨ? ਕੌਰੀਜੰਡਮ ਜਾਂ ਸ਼ੁੱਧੀ ਪੱਤਰ

93. ਸਰਬ ਭਾਰਤੀ ਸੰਪਾਦਕ ਕਾਨਫ਼ਰੰਸ (AINEC) ਨੇ ਕਦੋਂ ਪ੍ਰੈੱਸ ਰਿਪੋਰਟਿੰਗ ਨੇਮ ਐਲਾਨੇ? ਸੰਨ 1968 ਵਿੱਚ

94. ਟੈਲੀਵਿਜ਼ਨ ਦੇ ਦਰਸ਼ਕਾਂ ਪ੍ਰਤੀ ਜ਼ਿੰਮੇਵਾਰੀ ਦੇ ਸੰਪਾਦਕੀ ਸਿਧਾਂਤ ਕਿਸ ਸੰਸਥਾ ਨੇ ਪੇਸ਼ ਕੀਤੇ ਹਨ? NBA-ਨਿਊਜ਼ ਬ੍ਰਾਡਕਾਸਟਰਜ਼ ਐਸੋਸੀਏਸ਼ਨ

95. ਇੱਕ ਪੈਰ੍ਹੇ ਦੀ ਛੋਟੀ ਜਿਹੀ ਖ਼ਬਰ ਨੂੰ ਕੀ ਆਖਦੇ ਹਨ? Brief (ਬ੍ਰੀਫ਼)

96. ਕਿਸੇ ਅਖ਼ਬਾਰ ਦੇ ਖ਼ਬਰ ਹਿੱਸੇ ਨੂੰ ਕੱਟ ਕੇ ਵੱਖ ਕੀਤੇ ਜਾਣ ਨੂੰ ਤਕਨੀਕੀ ਤੌਰ 'ਤੇ ਕੀ ਆਖਦੇ ਹਨ? News Clipping ਜਾਂ ਖ਼ਬਰ ਕਲਿਪਿੰਗ

97. ਖ਼ਬਰ ਵਿਚਲੀ ਘਟਨਾ ਵਾਪਰਨ ਦੇ ਸਥਾਨ ਦਾ ਨਾਮ ਤੇ ਤਰੀਖ ਦਰਸਾਉਂਦੇ ਖ਼ਬਰ ਹਿੱਸੇ ਨੂੰ ਕੀ ਆਖ਼ਦੇ ਹਨ? Dateline (ਡੇਟਲਾਈਨ)

98. ਅਖ਼ਬਾਰ ਜਾਂ ਟੀ.ਵੀ. ਉੱਤੇ ਦਿੱਤਾ ਛੋਟਾ ਸਿਰਲੇਖ ਕੀ ਕਹਾਉਂਦਾ ਹੈ? Eyebrow or Teaser

99. ਟੈਲੀਵਿਜ਼ਨ ਜਾਂ ਫ਼ਿਲਮ ਵੀਡਿਓ ਸ਼ੁਰੂ ਕਰਨ ਲਈ ਦਿੱਤੇ ਜਾਂਦੇ ਇਸ਼ਾਰੇ ਵਜੋਂ ਕੀ ਲਫ਼ਜ਼ ਵਰਤਿਆ ਜਾਂਦਾ ਹੈ? Roll

100. ਬਦਲਵੀਂ ਦੂਰੀ ਤੇ ਲੰਬਾਈ ਦੀ ਤਸਵੀਰ ਖਿੱਚਣ ਲਈ ਕੈਮਰੇ ਵਿੱਚ ਵਾਸਤੇ ਵਰਤੇ ਜਾਂਦੇ ਲੈਨਜ਼ ਦਾ ਕੀ ਨਾਮ ਹੈ? Zoom lens

<u>* ਛੋਟੇ ਉੱਤਰਾਂ ਵਾਲੇ ਪ੍ਰਸ਼ਨ ( ਤਿੰਨ ਅੰਕ ਪ੍ਰਤੀ ਪ੍ਰਸ਼ਨ)</u>

<u>Short Answer Questions</u>

**ਨੋਟ: ਹਰ ਪ੍ਰਸ਼ਨ ਦਾ ਉੱਤਰ ਤਿੰਨ-ਚਾਰ ਵਾਕਾਂ ਵਿੱਚ ਦਿਓ:-**

101. ਦੱਖਣੀ ਏਸ਼ਿਆਈ ਖਿੱਤੇ ਵਿੱਚ ਕਿਹੜੇ ਤਿੰਨ ਸਥਾਨਾਂ ’ਤੇ ਕਦੋਂ ਕਦੋਂ ਰੇਡੀਓ ਸੇਵਾ ਅਰੰਭ ਹੋਈ ?

ਉੱਤਰ: ਦੱਖਣੀ ਏਸ਼ਿਆਈ ਖਿੱਤੇ ਵਿੱਚੋਂ ਬੰਬਈ (ਹੁਣ ਮੁੰਬਈ) ਵਿਖੇ ਜੂਨ, 1923 ਵਿੱਚ ਪਹਿਲਾ ਰੇਡੀਓ ਕਲੱਬ ਸਥਾਪਤ ਕੀਤਾ ਗਿਆ ਅਤੇ ਪਹਿਲੇ ਰੇਡੀਓ ਪ੍ਰੋਗਰਾਮ ਦਾ ਪ੍ਰਸਾਰਨ ਹੋਇਆ।ਇਸ ਤੋਂ ਮਗਰੋਂ ਨਵੰਬਰ, 1923 ਵਿੱਚ ਕਲੱਕਤਾ (ਹੁਣ ਕੋਲਕਾਤਾ) ਰੇਡੀਓ ਕਲੱਬ ਵਿੱਚ ਟਰਾਂਸਮੀਟਰ ਸਥਾਪਤ ਕੀਤੇ ਗਏ ਜਦੋਂ ਕਿ ਸੰਨ 1924 ਵਿੱਚ ਮਦਰਾਸ (ਹੁਣ ਚੇਨਈ) ਰੇਡੀਓ ਕਲੱਬ ਨੇ ਪ੍ਰੋਗਰਾਮਾਂ ਦੇ ਪ੍ਰਸਾਰਨ ਅਰੰਭੇ।

102. ਸੰਨ 1947 ਵਿੱਚ ਵੰਡ ਮਗਰੋਂ ਕਿਹੜੇ ਰੇਡੀਓ ਸਟੇਸ਼ਨ ਬਚ ਰਹੇ ?

ਉੱਤਰ: ਹਿੰਦ-ਪਾਕਿ ਵੰਡ ਮਗਰੋਂ 06 ਰੇਡੀਓ ਸਟੇਸ਼ਨ ਬਚ ਰਹੇ ਜਦੋਂ ਕਿ 03 ਰੇਡੀਓ ਸਟੇਸ਼ਨ ਪਾਕਿਸਤਾਨ ਵਿੱਚ ਚਲੇ ਗਏ। ਭਾਰਤੀ ਰੇਡੀਓ ਸਟੇਸ਼ਨ ਸਨ; ਦਿੱਲੀ, ਕਲਕੱਤਾ, ਮੁੰਬਈ, ਮਦਰਾਸ, ਲਖਨਊ ਅਤੇ ਤਿਰੂਚੀ।

103. ਸੰਨ 1947 ਵਿੱਚ ਵੰਡ ਮਗਰੋਂ ਕਿਹੜੇ ਰੇਡੀਓ ਸਟੇਸ਼ਨ ਪਾਕਿਸਤਾਨ ਵਿੱਚ ਚਲੇ ਗਏ ?

ਉੱਤਰ: ਹਿੰਦ-ਪਾਕਿ ਵੰਡ ਮਗਰੋਂ ਪਾਕਿਸਤਾਨ ਵਿੱਚ ਚਲੇ ਗਏ ਤਿੰਨ ਰੇਡੀਓ ਸਟੇਸ਼ਨ ਸਨ-ਲਾਹੌਰ, ਪਿਸ਼ਾਵਰ ਅਤੇ ਢਾਕਾ।

## ਪ੍ਰਸ਼ਨ ਬੈਂਕ-XII ਸ਼੍ਰੇਣੀਂ-ਮੀਡੀਆ ਸਟੱਡੀਜ਼

104. ਸੰਨ 1947 ਦੀ ਵੰਡ ਤੋਂ ਪਹਿਲਾਂ ਆਲ ਇੰਡੀਆ ਰੇਡੀਓ ਦੇ ਮੁਖੀ ਕੌਣ-ਕੌਣ ਰਹੇ ਸਨ ?

ਉੱਤਰ: ਆਲ ਇੰਡੀਆ ਰੇਡੀਓ ਦਾ ਇਹ ਨਾਮ 08 ਜੂਨ, 1936 ਨੂੰ ਰੱਖਿਆ ਗਿਆ ਅਤੇ ਉਦੋਂ ਰੇਡੀਓ ਦੇ ਮੁਖੀ ਦੇ ਅਹੁਦੇ ਦੇ ਨਾਮ ਕੰਟਰੋਲਰ ਸੀ। ਸ਼੍ਰੀ ਲਾਇਨਿਲ ਫ਼ੀਲਡਨ (Lionel Fielden) ਸੰਸਥਾ ਦੇ ਪਹਿਲੇ ਮੁਖੀ ਸਨ ਤੇ ਉਨ੍ਹਾਂ ਤੋਂ ਬਾਅਦ ਅਹਿਮਦ ਸ਼ਾਹ ਬੁਖ਼ਾਰੀ (Ahmed Shah Bukhari) ਡਾਇਰੈਕਟਰ ਜਨਰਲ ਦੇ ਨਵੇਂ ਅਹੁਦੇ ਉੱਤੇ ਤਾਇਨਾਤ ਕੀਤੇ ਗਏ ਜੋ ਵੰਡ ਤੱਕ ਸੰਸਥਾ ਦੇ ਮੁਖੀ ਰਹੇ।

105. ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲੀਆਂ ਦੀਆਂ ਆਪਣੀਆਂ ਕਿਹੜੀਆਂ ਪ੍ਰਚੱਲਤ ਲਿਪੀਆਂ ਹਨ ?

ਉੱਤਰ: ਪੰਜਾਬੀ ਬੋਲੀ ਦੀਆਂ ਪ੍ਰਚੱਲਤ ਲਿਪੀਆਂ ਗੁਰਮੁਖੀ ਅਤੇ ਸ਼ਾਹਮੁਖੀ, ਹਿੰਦੀ ਦੀ ਦੇਵਨਾਗਰੀ ਅਤੇ ਅੰਗਰੇਜ਼ੀ ਜਾਂ ਇੰਗਲਿਸ਼ ਦੀ ਪ੍ਰਚੱਲਤ ਲਿਪੀ ਰੋਮਨ ਹਨ।

106. ਛਪਾਈ ਤਕਨੀਕ ਦੀ ਖੋਜ ਕਿਸ ਮੂਲ ਦੇ ਕਿਹੜੇ ਵਿਅਕਤੀ ਨੇ ਕਦੋਂ ਕੀਤੀ ਸੀ ?

ਉੱਤਰ: ਛਪਾਈ ਤਕਨੀਕ ਦੀ ਖੋਜ ਜਰਮਨੀ ਦੇ ਜੌਹਨਜ਼ ਗੁਟਨਬਰਗ (Johnnes Gutenberg) ਨੇ ਸੰਨ 1440 ਵਿੱਚ ਕੀਤੀ ਸੀ।

107. ਛਪਾਈ ਤਕਨੀਕ ਦੇ ਇਤਿਹਾਸ ਬਾਰੇ ਦੋ-ਤਿੰਨ ਸੱਤਰਾਂ ਵਿੱਚ ਜਾਣੂ ਕਰਵਾਓ।

ਉੱਤਰ: ਪੂਰਬੀ ਏਸ਼ੀਆ ਵਿੱਚ ਲੱਕੜ ਦੇ ਬਲਾਕਾਂ ਨਾਲ ਛਪਾਈ ਦੇ ਪ੍ਰਮਾਣ ਸੰਨ 220 ਦੇ ਲਾਗੇ-ਚਾਗੇ ਚੀਨ ਅਤੇ ਕੋਰੀਆ ਤੋਂ ਮਿਲਦੇ ਹਨ। ਇਸ ਦੋਂ ਬਾਅਦ ਚੌਥੀ ਸਦੀ ਵਿੱਚ ਰੋਮ ਅਤੇ ਮਿਸਰ ਤੋਂ ਵੀ ਛਪਾਈ ਦੇ ਪ੍ਰਮਾਣ ਉਪਲੱਬਧ ਹਨ। ਅਰਬ ਦੇਸ਼ਾਂ ਅਤੇ ਮਿਸਰ ਵਿੱਚ ਨੌਵੀਂ ਸਦੀ ਵਿੱਚ ਲਕੜੀ ਦੇ ਬਲਾਕਾਂ ਤੋਂ ਇਲਾਵਾ ਧਾਤਾਂ, ਸ਼ੀਸ਼ਾ ਤੇ ਪੱਥਰ ਦੀ ਵਰਤੋਂ ਨਾਲ ਛਪਾਈ ਕਰਨ ਵਾਲੇ 'ਤਰਾਸ਼' ਵੀ ਹੁੰਦੇ ਸਨ।

108. ਭਾਰਤ ਵਿੱਚ ਅਖ਼ਬਾਰਾਂ ਦੀ ਛਪਾਈ ਕਦੋਂ, ਕਿਸ ਨੇ, ਕਿੱਥੋਂ ਤੇ ਕਿਵੇਂ ਅਰੰਭੀ ਸੀ ?

ਉੱਤਰ: ਭਾਰਤ ਵਿੱਚ ਅਖ਼ਬਾਰਾਂ ਦੀ ਛਪਾਈ ਦਾ ਪਿਤਾਮਾ ਜੇਮਜ਼ ਆਗਸਟੱਸ ਹਿੱਕੀ (James Augustus Hicky) ਸੀ, ਜਿਸ ਨੇ ਜਨਵਰੀ, 1780 ਵਿੱਚ ਕਲਕੱਤਾ (ਹੁਣ ਕੋਲਕਾਤਾ) ਤੋਂ ਪਹਿਲਾ ਅਖ਼ਬਾਰ ਕਲਕੱਤਾ ਜਨਰਲ ਐਡਵਰਟਾਈਜ਼ਰ ਅਰੰਭਿਆ ਸੀ।

109. ਭਾਰਤ ਵਿੱਚ ਛਪੇ ਹਿੰਦੀ ਦੇ ਪ੍ਰਥਮ ਅਖ਼ਬਾਰ ਤੋਂ ਜਾਣੂ ਕਰਵਾਓ।

ਉੱਤਰ: ਪ੍ਰਥਮ ਹਿੰਦੀ ਅਖ਼ਬਾਰ ਉਡੰਤ ਮਾਰਤੰਡ (Oodunt Marthand) 18 ਮਈ, 1826 ਨੂੰ ਕਲੱਕਤਾ (ਹੁਣ ਕੋਲਕਾਤਾ) ਤੋਂ ਦੇਵਨਾਗਰੀ ਲਿਪੀ ਵਿੱਚ ਅਰੰਭਿਆ ਗਿਆ ਸੀ।

## ਪ੍ਰਸ਼ਨ ਬੈਂਕ-XII ਸ਼੍ਰੇਣੀਂ-ਮੀਡੀਆ ਸਟੱਡੀਜ਼

110. ਭਾਰਤ ਵਿੱਚ ਰੇਲਾਂ ਦੇ ਚੱਲਣ ਨਾਲ ਅਖ਼ਬਾਰਾਂ 'ਤੇ ਕੀ ਅਸਰ ਪਿਆ ?

ਉੱਤਰ: ਭਾਰਤ ਵਿੱਚ ਰੇਲ ਸੰਨ 1853 ਵਿੱਚ ਚੱਲੀ ਸੀ, ਜਿਸ ਨਾਲ ਕਲੱਕਤਾ (ਹੁਣ ਕੋਲਕਾਤਾ), ਬੰਬਈ (ਹੁਣ ਮੰਬਈ), ਮਦਰਾਸ (ਹੁਣ ਚੇਨਈ), ਆਗਰਾ, ਪਿਸ਼ਾਵਰ, ਆਦਿ ਪ੍ਰਮੁੱਖ ਸਥਾਨਾਂ ਵਿਚਾਲੇ ਡਾਕ-ਤਾਰ ਰਾਹੀਂ ਅਤੇ ਰੇਲਾਂ ਰਾਹੀਂ ਸੰਚਾਰ ਤੇ ਸੰਪਰਕ ਵਧੇਰੇ ਚੰਗਾ ਹੋ ਗਿਆ ਜਿਸ ਨਾਲ ਤਕਨੀਕੀ ਤੌਰ 'ਤੇ ਸਹਾਇਤਾ ਅਤੇ ਗਤੀਸ਼ੀਲਤਾ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਪੈ ਗਿਆ।

111. ਸੰਨ 1869 ਵਿੱਚ ਕਿਹੜੀ ਕੌਮਾਂਤਰੀ ਪ੍ਰਾਪਤੀ ਨੇ ਯੂਰਪ ਤੇ ਭਾਰਤ ਵਿਚਾਲੇ ਵਪਾਰਕ ਸਬੰਧਾਂ ਵਿੱਚ ਹੋਰ ਸੁਧਾਰ ਲਿਆਂਦੇ ਤੇ ਕਿਵੇਂ ?

ਉੱਤਰ: ਕੌਮਾਂਤਰੀ ਪੱਧਰ 'ਤੇ ਸੰਨ 1869 ਵਿੱਚ ਸੁਏਜ਼ ਨਹਿਰ ਬਣਨ ਨਾਲ ਭਾਰਤ ਤੇ ਯੂਰਪ ਵਿਚਾਲੇ ਵਪਾਰਕ ਸੰਪਰਕ ਸੌਖਾ ਹੋ ਗਿਆ। ਇਹ ਨਹਿਰ ਰੂਮ ਸਾਗਰ ਤੇ ਲਾਲ ਸਾਗਰ ਨੂੰ ਆਪਸ ਵਿੱਚ ਜੋੜਦੀ ਸੀ ਜਿਸ ਕਾਰਨ ਅਫ਼ਰੀਕਾ ਮਹਾਂਦੀਪ ਦੇ ਦੱਖਣ ਵਿੱਚ ਕੇਪ ਆਫ਼ ਗੁੱਡ ਹੋਪ ਦਾ ਚੱਕਰ ਕੱਟ ਕੇ ਸਮੁੰਦਰੀ ਸਫ਼ਰ ਮੁਕੰਮਲ ਕਰਨ ਦੀ ਥਾਂ ਅਰਬ ਸਾਗਰ ਤੋਂ ਲਾਲ ਸਾਗਰ ਤੇ ਅਗਾਂਹ ਰੂਮ ਸਾਗਰ ਰਾਹੀਂ ਅੰਧ ਮਹਾਂਸਾਗਰ ਤੱਕ ਪੁਜਣਾ ਸੌਖਾ ਹੋ ਗਿਆ।

112. ਸੁਏਜ਼ ਨਹਿਰ ਦੀ ਸਥਾਪਨਾ ਦਾ ਭਾਰਤ-ਯੂਰਪ ਸੰਚਾਰ 'ਤੇ ਕਿਵੇਂ ਅਸਰ ਪਿਆ ?

ਉੱਤਰ: ਸੁਏਜ਼ ਨਹਿਰ ਬਣਨ ਨਾਲ ਦੋਹੋਂ ਖਿੱਤਿਆਂ ਵਿਚਾਲੇ ਸੰਪਰਕ ਸੌਖਾ ਹੋ ਗਿਆ ਜਿਸ ਨਾਲ ਪੱਛਮੀ ਸੱਭਿਆਚਾਰ ਦਾ ਅਸਰ ਭਾਰਤੀ ਸਮਾਜ ਉੱਤੇ ਪੈਣ ਲੱਗਾ। ਇਹ ਅਸਰ ਹੀ ਸੰਸਥਾਗਤ ਪੜ੍ਹਾਈ ਦਾ ਆਧਾਰ ਬਣਿਆ ਤੇ ਪੱਛਮੀ ਕਿਸਮ ਦੀ ਪੜ੍ਹਾਈ-ਲਿਖਾਈ ਅਖ਼ਬਾਰੀ ਸੰਚਾਰ ਦਾ ਆਧਾਰ ਬਣੀ।

113. ਅਖ਼ਬਾਰਾਂ ਦੀ ਛਪਣ ਤੇ ਵਿਕਣ ਗਿਣਤੀ ਸਬੰਧੀ ਅੰਕੜਿਆਂ ਦਾ ਰਿਕਾਰਡ ਕਿੱਥੇ ਰੱਖਿਆ ਜਾਂਦਾ ਹੈ?

ਉੱਤਰ: ਭਾਰਤ ਵਿੱਚ ਅਖ਼ਬਾਰਾਂ ਦੀ ਛਪਣ ਤੇ ਵਿਕਣ ਗਿਣਤੀ ਤੇ ਹੋਰ ਸਬੰਧਤ ਅੰਕੜਿਆਂ ਲਈ ਮੁੰਬਈ ਸਥਿਤ ਸਰਕਾਰੀ ਸੰਸਥਾ ਆਡਿਟ ਬਿਊਰੋ ਆਫ਼ ਸਰਕੂਲੇਸ਼ਨ (Audit Bureau of Circulation-ABV) ਜਾਂ ਏ.ਬੀ.ਸੀ. ਸਥਾਪਤ ਹੈ ਤੇ ਦੇਸ਼ ਵਿੱਚ ਛਪਣ ਵਾਲਾ ਹਰ ਅਖ਼ਬਾਰ ਇਸ ਸੰਸਥਾ ਦਾ ਮੈਂਬਰ ਹੁੰਦਾ ਹੈ।

114. ਪੰਜਾਬ ਦਾ ਪਹਿਲਾ ਅਖ਼ਬਾਰ ਹੋਣ ਦਾ ਮਾਣ ਕਿਸਨੂੰ ਪ੍ਰਾਪਤ ਹੈ? ਜਾਣ ਪਛਾਣ ਕਰਵਾਓ।

ਉੱਤਰ: ਸੰਨ 1849 ਵਿੱਚ ਬਰਤਾਨਵੀ ਸ਼ਾਸਕਾਂ ਨੇ ਖੁਦਮੁਖ਼ਤਿਆਰ ਖ਼ਾਲਸਾ ਰਾਜ ਭਾਵ ਪੰਜਾਬ ਉੱਤੇ ਕਾਬਜ਼ ਹੋ ਕੇ ਇਸ ਨੂੰ ਭਾਰਤੀ ਖਿੱਤੇ ਨਾਲ ਮਿਲਾ ਲਿਆ ਤੇ ਸੰਨ 1866 ਵਿੱਚ 'ਲਾਹੌਰ ਕਰਾਨੀਕਲ' ਨਾਂ ਦਾ ਹਫ਼ਤਾਵਾਰੀ ਅਖ਼ਬਾਰ ਸਿਵਲ ਅਧਿਕਾਰੀਆਂ ਨੇ ਅੰਗਰੇਜ਼ੀ ਵਿੱਚ ਲਾਹੌਰ ਤੋਂ ਕੱਢਣਾ ਸ਼ੁਰੂ ਕੀਤਾ। ਇਸ ਤਰ੍ਹਾਂ ਇਸ ਅਖ਼ਬਾਰ ਨੂੰ ਪੰਜਾਬ ਦਾ ਪਹਿਲਾ ਅਖ਼ਬਾਰ ਹੋਣ ਦਾ ਮਾਣ ਹਾਸਲ ਹੋਇਆ। 'ਲਾਹੌਰ ਕਰਾਨੀਕਲ' ਸਮੇਤ ਵੱਖੋ-ਵੱਖ ਅਖ਼ਬਾਰਾਂ ਦੇ ਰਲੇਵੇਂ ਨਾਲ ਸੰਨ 1872 ਵਿੱਚ ਲਾਹੌਰ ਤੋਂ ਹੀ 'ਦਿ ਸਿਵਲ ਐਂਡ ਮਿਲਟਰੀ ਗਜ਼ਟ' ਨਿਕਲਿਆ।

115. ਪੰਜਾਬੀ ਦਾ ਪ੍ਰਥਮ ਅਖ਼ਬਾਰ ਕਿਹੜਾ ਸੀ ਤੇ ਇਹ ਕਦੋਂ ਤੇ ਕਿੱਥੋਂ ਪ੍ਰਕਾਸ਼ਤ ਹੋਇਆ?

ਉੱਤਰ: ਪੰਜਾਬੀ ਦਾ ਗੁਰਮੁਖੀ ਲਿਪੀ ਵਿੱਚ ਛਪਣ ਵਾਲਾ ਪ੍ਰਥਮ ਅਖ਼ਬਾਰ, ਗੁਰਮੁਖੀ ਅਖ਼ਬਾਰ ਸੀ ਜੋ 10 ਨਵੰਬਰ 1880 ਨੂੰ ਲਾਹੌਰ ਤੋਂ ਪ੍ਰਕਾਸ਼ਤ ਹੋਣਾ ਅਰੰਭ ਹੋਇਆ ਸੀ।

116. ਉਨੀਵੀਂ ਸਦੀ ਦੇ ਅੰਤ ਦੇ ਸਮੇਂ ਪੰਜਾਬੀ ਦੇ ਕੋਈ ਤਿੰਨ ਸਥਾਪਤ ਸੰਪਾਦਕਾਂ ਦੇ ਨਾਮ ਲਿਖੋ।

ਉੱਤਰ: ਪ੍ਰੋਫ਼ੈਸਰ (ਭਾਈ) ਗੁਰਮੁੱਖ ਸਿੰਘ ਜੀ, ਗਿਆਨੀ ਦਿੱਤ ਸਿੰਘ ਜੀ ਤੇ ਗਿਆਨੀ ਝੰਡਾ ਸਿੰਘ ਜੀ ਫ਼ਰੀਦਕੋਟ।

117. ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ 'ਖ਼ਾਲਸਾ ਸਮਾਚਾਰ' ਨਾਲ ਕੀ ਸਬੰਧ ਸੀ ?

ਉੱਤਰ: ਆਧੁਨਿਕ ਪੰਜਾਬੀ ਕਾਵਿ ਦੇ ਮੋਢੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪਿਤਾ ਡਾ. ਚਰਨ ਸਿੰਘ ਜੀ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਸੰਨ 1899 ਵਿੱਚ ਅਖ਼ਬਾਰ ' ਖ਼ਾਲਸਾ ਸਮਾਚਾਰ' ਅੰਮ੍ਰਿਤਸਰ ਤੋਂ ਅਰੰਭਿਆ ਸੀ।

118. ਵੀਹਵੀਂ ਸਦੀ ਦੇ ਅਰੰਭ ਵਿੱਚ ਸ਼ੁਰੂ ਹੋਏ ਕੋਈ ਤਿੰਨ ਅਖ਼ਬਾਰਾਂ ਤੇ ਉਨ੍ਹਾਂ ਦੇ ਪ੍ਰਕਾਸ਼ਨ ਸਥਾਨਾਂ ਦੇ ਨਾਮ ਲਿਖੋ?

ਉੱਤਰ: ਸੰਨ 1906 ਵਿੱਚ ਤਰਨ ਤਾਰਨ ਤੋਂ 'ਦੁਖਨਿਵਾਰਨ', ਸੰਨ 1908 ਵਿੱਚ ਲਾਇਲਪੁਰ ਤੋਂ 'ਸੱਚਾ ਢਿੰਡੋਰਾ' ਅਤੇ ਸੰਨ 1909 ਵਿੱਚ ਅੰਮ੍ਰਿਤਸਰ ਤੋਂ 'ਬੀਰ'।

119. ਪੰਜਾਬੀ ਦਾ ਸ਼ੁਰੂ ਤੋਂ ਹੀ ਰੋਜ਼ਾਨਾ ਵਜੋਂ ਪ੍ਰਕਾਸ਼ਤ ਅਖ਼ਬਾਰ ਕਿਹੜਾ ਸੀ, ਜਾਣ ਪਛਾਣ ਕਰਵਾਓ?

ਉੱਤਰ: ਪੰਜਾਬੀ ਦਾ ਪ੍ਰਥਮ ਅਖ਼ਬਾਰ ਜੋ ਰੋਜ਼ਾਨਾ ਵਜੋਂ ਅਰੰਭ ਹੋਇਆ, ਉਹ ਸੀ 'ਸ਼ਹੀਦ' ਜੋ 04 ਦਸੰਬਰ 1914 ਨੂੰ ਅੰਮ੍ਰਿਤਸਰ ਤੋਂ ਅਰੰਭ ਹੋਇਆ। ਇਸ ਦੇ ਸੰਪਾਦਕ ਹਾਸਰਸ ਕਵੀ ਐੱਸ.ਐੱਸ. ਚਰਨ ਸਿੰਘ 'ਸ਼ਹੀਦ' ਸਨ।

120. 'ਅਕਾਲੀ' ਅਖ਼ਬਾਰ ਦੀ ਸ਼ੁਰੂਆਤ ਬਾਰੇ ਜਾਣ-ਪਛਾਣ ਕਰਵਾਓ?

ਉੱਤਰ: 'ਅਕਾਲੀ' ਅਖ਼ਬਾਰ, ਸੰਨ 1920 ਵਿੱਚ ਸ਼ੁਰੂ ਹੋਈ ਅਕਾਲੀ ਲਹਿਰ ਦਾ ਪ੍ਰਤੀਨਿਧ ਬਣ ਕੇ ਉਭਰਿਆ। ਇਹ ਮੁੱਢਲੇ ਸਿਆਸੀ ਸੁਹਜ ਵਾਲੇ ਅਖ਼ਬਾਰਾਂ ਵਿੱਚੋਂ ਇੱਕ ਸੀ ਜਿਸ ਵਿੱਚ ਵਿਦੇਸ਼ੀ ਹਕੂਮਤ ਵਿਰੁੱਧ ਲੇਖ ਛਪਦੇ ਸਨ ਤੇ ਇਸ ਬਗਾਵਤੀ ਸੁਰ ਕਾਰਨ ਇਹ ਪੰਜਾਬੀਆਂ ਦਾ ਹਰਮਨ ਪਿਆਰਾ ਅਖ਼ਬਾਰ ਬਣ ਗਿਆ ਸੀ।

121. 'ਖ਼ਾਲਸਾ ਸਮਾਚਾਰ' ਨਾਲ ਕਿਹੜੇ ਪ੍ਰਸਿੱਧ ਸਾਹਿਤਕਾਰ ਜੁੜੇ ਰਹੇ ਹਨ ?

ਉੱਤਰ: ਅਖ਼ਬਾਰ 'ਖ਼ਾਲਸਾ ਸਮਾਚਾਰ' ਦੇ ਸੰਪਾਦਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸੰਨ 1899 ਤੋਂ 1913 ਤੱਕ ਅਤੇ ਸੰਨ 1913 ਤੋਂ 1928 ਤੱਕ ਧਨੀ ਰਾਮ ਚਾਤ੍ਰਿਕ ਰਹੇ ਹਨ। ਭਾਈ ਸਾਹਿਬ ਆਪਣਾ ਨਾਮ ਸੰਪਾਦਕ ਵਜੋਂ ਛਪਣ ਨਹੀਂ ਸਨ ਦਿੰਦੇ।

122. ਪ੍ਰੋਫ਼ੈਸਰ (ਭਾਈ) ਗੁਰਮੁੱਖ ਸਿੰਘ ਜੀ ਨੇ ਕਿਹੜੇ-ਕਿਹੜੇ ਅਖ਼ਬਾਰ ਅਰੰਭ ਕੀਤੇ?

ਉੱਤਰ: ਪ੍ਰੋਫ਼ੈਸਰ (ਭਾਈ) ਗੁਰਮੁੱਖ ਸਿੰਘ ਜੀ ਨੇ ਸੰਨ 1880 ਵਿੱਚ 'ਗੁਰਮੁਖੀ ਅਖ਼ਬਾਰ', ਸੰਨ 1881 ਵਿੱਚ ਮਾਸਿਕ ਪੱਤਰ 'ਵਿਦਿਆਰਕ' ਅਤੇ ਸੰਨ 1886 ਵਿੱਚ 'ਸੁਧਾਰਕ' ਅਰੰਭ ਕੀਤੇ। ਇਹ ਤਿੰਨੋਂ ਹੀ ਪੱਤਰ ਲਾਹੌਰ ਤੋਂ ਪ੍ਰਕਾਸ਼ਤ ਹੁੰਦੇ ਸਨ।

123. ਸੰਨ 1947 ਦੀ ਵੰਡ ਮਗਰੋਂ ਪੰਜਾਬ ਦੇ ਕਿਹੜੇ ਸ਼ਹਿਰਾਂ ਵਿੱਚੋਂ ਪ੍ਰਮੁੱਖ ਪੰਜਾਬੀ ਅਖ਼ਬਾਰ ਪ੍ਰਕਾਸ਼ਤ ਹੋਏ ?

ਉੱਤਰ: ਸੰਨ 1947 ਦੀ ਵੰਡ ਮਗਰੋਂ ਚੜ੍ਹਦੇ ਪੰਜਾਬ ਵਿੱਚ ਅੰਮ੍ਰਿਤਸਰ, ਲੁਧਿਆਣਾ ਤੇ ਪਟਿਆਲਾ ਹੀ ਪੰਜਾਬੀ ਅਖ਼ਬਾਰ ਦੇ ਪ੍ਰਕਾਸ਼ਨ ਲਈ ਪ੍ਰਮੁੱਖ ਸਥਾਨ ਬਣੇ ਜਦੋਂ ਕਿ ਦਿੱਲੀ ਅਤੇ ਕਲਕੱਤਾ (ਹੁਣ ਕੋਲਕਾਤਾ) ਵੀ ਪੰਜਾਬੀ ਅਖ਼ਬਾਰਾਂ ਦੇ ਕੇਂਦਰ ਸਨ ਪਰ ਇਹ ਪੰਜਾਬ ਤੋਂ ਬਾਹਰ ਸਨ।

124. ਭਾਰਤ ਦੀ ਸਥਾਪਨਾ ਤੋਂ ਬਾਅਦ ਪੰਜਾਬੀ ਅਖ਼ਬਾਰਾਂ ਨੂੰ ਕਿਹੜੀਆਂ ਦੋ ਪ੍ਰਮੁੱਖ ਔਕੜਾਂ ਪੇਸ਼ ਆਈਆਂ?

ਉੱਤਰ: 01. ਪੰਜਾਬੀ ਅਖ਼ਬਾਰਾਂ ਦੇ ਪਾਠਕਾਂ ਦੀ ਗਿਣਤੀ ਘੱਟ ਰਹੀ ਜਿਸ ਕਾਰਨ ਅਖ਼ਬਾਰਾਂ ਦੀ ਇਸ਼ਾਇਤ (ਵਿਕਣ ਗਿਣਤੀ) ਘੱਟ ਰਹੀ।

02. ਪੰਜਾਬੀ ਅਖ਼ਬਾਰ ਨਵੀਆਂ ਕਾਢਾਂ ਤੇ ਨਵੇਂ ਖ਼ਿਆਲਾਂ ਪ੍ਰਤੀ ਕਾਫ਼ੀ ਉਦਾਸੀਨ ਰਹੇ।

125. ਨੋਰਾ ਰਿਚਰਡਜ਼ ਕੌਣ ਸਨ ਤੇ ਅੰਤਲੇ ਸਮੇਂ ਕਿੱਥੇ ਰਹਿੰਦੇ ਸਨ?

ਉੱਤਰ: ਨੋਰਾ ਰਿਚਰਡਜ਼ ਪੰਜਾਬੀ ਨਾਟਕਾਰੀ ਦੀ ਜਨਮ-ਦਾਤਾ ਮੰਨੇ ਜਾਂਦੇ ਹਨ। ਉਹ ਅੰਤਲੇ ਸਮੇਂ ਕਾਂਗੜਾ ਘਾਟੀ ਵਿੱਚ ਪਿੰਡ ਅੰਦਰੇਟੇ ਵਿੱਚ ਉਸਾਰੇ ਓਪਨ ਏਅਰ ਥੀਏਟਰ 'ਵੁਡਜ਼ ਲੈਂਡ' ਵਿਖੇ ਰਹਿੰਦੇ ਸਨ।

126. ਪੰਜਾਬੀ ਜ਼ੁਬਾਨ ਦੀ ਪਹਿਲੀ ਫ਼ਿਲਮ ਕਿਹੜੀ ਸੀ?

ਉੱਤਰ: ਪੰਜਾਬੀ ਜ਼ੁਬਾਨ ਦੀ ਪਹਿਲੀ ਫ਼ਿਲਮ, ਸੰਨ 1935 ਵਿੱਚ ਹਿੰਦ ਮਾਤਾ ਸਿਨੇਟੋਨ ਕੰਪਨੀ, ਬੰਬਈ ਵੱਲੋਂ ਨਿਰਮਤ 'ਇਸ਼ਕ-ਏ-ਪੰਜਾਬ ਉਰਫ਼ ਮਿਰਜ਼ਾ ਸਾਹਿਬਾਂ' ਸੀ।

ਪ੍ਰਸ਼ਨ ਬੈਂਕ–XII ਸ਼੍ਰੇਣੀਂ–ਮੀਡੀਆ ਸਟੱਡੀਜ਼

127. ਫ਼ਿਲਮ 'A Punjab Village' ਬਾਰੇ ਦੋ ਸਤਰਾਂ ਵਿੱਚ ਜਾਣ ਪਛਾਣ ਕਰਵਾਓ।

ਉੱਤਰ: ਇਹ ਬ੍ਰਿਟਿਸ਼ ਫ਼ਿਲਮ ਇੰਸਟੀਚਿਊਟ ਵੱਲੋਂ ਸੰਨ 1925 ਵਿੱਚ ਪੰਜਾਬ ਦੇ ਪਿੰਡਾਂ ਬਾਰੇ ਤਿਆਰ ਕੀਤੀ ਗਈ silent ਦਸਤਾਵੇਜ਼ੀ ਫ਼ਿਲਮ ਹੈ ਜੋ National Film Archives ਵਿਖੇ ਪੰਜਾਬੀ ਫ਼ਿਲਮਾਂ ਦੀ category ਵਿੱਚ ਪਈ ਮਿਲਦੀ ਹੈ।

128. ਮੁੱਢ ਦੀਆਂ 'ਫ਼ਿਲਮਾਂ' ਦੇ ਸੰਗੀਤ ਖੇਤਰ ਵਿੱਚ ਪੰਜਾਬ ਦੇ ਵੱਡੇ ਨਾਮਾਂ ਦੀ ਚਰਚਾ ਕਰੋ।

ਉੱਤਰ: ਮਾਸਟਰ ਝੰਡੇ ਖਾਂ, ਬਾਬਾ ਜੀ.ਏ. ਚਿਸ਼ਤੀ, ਮਾਸਟਰ ਗ਼ੁਲਾਮ ਹੈਦਰ ਰਬਾਬੀ ਅੰਮ੍ਰਿਤਸਰੀ ਤੇ ਕੇਦਾਰ ਨਾਥ ਸ਼ਰਮਾ ਆਦਿ।

129. ਭਾਰਤੀ ਫ਼ਿਲਮਾਂ ਵਿੱਚ ਪ੍ਰਸਿੱਧ ਹੋਏ ਮੁੱਢਲੇ ਪੰਜਾਬੀ ਗਾਇਕਾਂ ਦੇ ਨਾਮ ਲਿਖੋ।

ਉੱਤਰ: ਸ਼੍ਰੀ ਕੁੰਦਨ ਲਾਲ ਸਹਿਗਲ, ਮੁਹੰਮਦ ਰਫ਼ੀ, ਨੂਰ ਜਹਾਂ, ਮੁਨੱਵਰ ਸੁਲਤਾਨਾ, ਜੌਹਰਾ ਬਾਈ ਅੰਬਾਲਾ, ਸ਼ਮਸ਼ਾਦ ਬੇਗਮ ਆਦਿ।

130. ਗਾਇਕਾ ਨੂਰਜਹਾਂ ਨੇ ਪਹਿਲੀ ਵਾਰ ਕਿਹੜੀ ਫ਼ਿਲਮ ਵਿੱਚ ਆਪਣਾ ਹੁਨਰ ਪੇਸ਼ ਕੀਤਾ ?

ਉੱਤਰ: ਨੂਰਜਹਾਂ ਨੇ ਪਹਿਲੀ ਵਾਰ ਪੰਜਾਬੀ ਫ਼ਿਲਮ 'ਸ਼ੀਲਾ ਉਰਫ਼ ਪਿੰਡ ਦੀ ਕੁੜੀ' ਵਿੱਚ ਗਾਇਆ ਅਤੇ ਫ਼ਿਲਮ 'ਹੀਰ ਸਿਆਲ' ਵਿੱਚ ਸ਼ਮਸ਼ਾਦ ਬੇਗ਼ਮ ਸਮੇਤ ਗਾਇਆ ਵੀ ਤੇ ਐਕਟਿੰਗ ਵੀ ਕੀਤੀ।

131. ਕਿਹੜੀ ਪੰਜਾਬੀ ਫ਼ਿਲਮ ਦੇ ਸਾਰੇ ਹੀ ਗੀਤ, ਨੰਦ ਲਾਲ ਨੂਰਪੁਰੀ ਦੀਆਂ ਕਵਿਤਾਵਾਂ 'ਤੇ ਅਧਾਰਤ ਸਨ?

ਉੱਤਰ: ਸੰਨ 1942 ਵਿਚ ਆਈ ਫ਼ਿਲਮ ' ਮੰਗਤੀ' ਦੇ ਗੀਤ, ਪੰਜਾਬੀ ਕਵੀ ਨੰਦ ਲਾਲ ਨੂਰਪੁਰੀ ਦੀਆਂ ਕਵਿਤਾਵਾਂ 'ਤੇ ਅਧਾਰਤ ਸਨ।

132. ਸੈਨਿਕ ਜੀਵਨ ਨਾਲ ਸਬੰਧਤ ਪੇਸ਼ਕਾਰੀ ਵਾਲੀ ਕਿਸੇ ਪੁਰਾਣੀ ਫ਼ਿਲਮ ਬਾਰੇ ਲਿਖੋ।

ਉੱਤਰ: ਸੈਨਿਕਾਂ ਦੇ ਪਰਿਵਾਰਾਂ ਦੀ ਮਾਨਸਿਕਤਾ ਬਾਰੇ ਪੰਜਾਬੀ ਫ਼ਿਲਮ 'ਉਡੀਕਾਂ' (1978) ਅਜਿਹੀ ਪਲੇਠੀ ਪੰਜਾਬੀ ਫ਼ਿਲਮ ਸੀ। ਇਸ ਵਿੱਚ ਪ੍ਰੀਕਸ਼ਤ ਸਾਹਨੀ ਅਤੇ ਸਿੰਮੀ ਗਰੇਵਾਲ ਨੇ ਕੰਮ ਕੀਤਾ ਸੀ। ਇਹ ਫ਼ਿਲਮ ਗੁਮਨਾਮ, ਸਿਦਕੀ, ਸੂਰਬੀਰਾਂ ਅਤੇ ਉਨ੍ਹਾਂ ਮਗਰੋਂ ਸਮਾਜ ਵਿੱਚ ਇਕਹਿਰੇ ਹੱਥੀਂ ਪਰਿਵਾਰ ਚਲਾ ਰਹੀਆਂ ਉਨ੍ਹਾਂ ਦੀਆਂ ਪਤਨੀਆਂ ਨੂੰ ਸਮਰਪਿਤ ਸੀ।

133. ਕਿਸੇ ਫ਼ਿਲਮ ਦਾ ਰਿਵਿਊ ਲਿਖਣ ਲਈ ਉਹ ਫ਼ਿਲਮ ਵੇਖੇ ਹੋਣ ਦੀ ਕਿੰਨੀ ਕੁ ਲੋੜ ਹੁੰਦੀ ਹੈ?

ਉੱਤਰ: ਕਿਸੇ ਫ਼ਿਲਮ ਦਾ ਰਿਵਿਊ ਲਿਖਣ ਲਈ ਉਹ ਸਬੰਧਤ ਫ਼ਿਲਮ ਇੱਕ ਵਾਰ ਹੀ ਨਹੀਂ ਸਗੋਂ ਕਈ ਵਾਰ ਵੇਖੀ ਹੋਣੀ ਚਾਹੀਦੀ ਹੈ, ਜਿਸ ਨਾਲ ਫ਼ਿਲਮ ਦੀਆਂ ਬਰੀਕੀਆਂ ਸਮਝ ਪੈਂਦੀਆਂ ਹਨ। ਫ਼ਿਲਮ ਵੇਖਦਿਆਂ ਸਗੋਂ ਉਸ ਦੇ ਅਹਿਮ ਨੁਕਤੇ ਵੀ ਨੋਟ ਕਰ ਲੈਣੇ ਚਾਹੀਦੇ ਹਨ ਤਾਂ ਜੋ ਰਿਵਿਊ ਵਿੱਚ ਠੋਸ ਹਵਾਲੇ ਦਿੱਤੇ ਜਾ ਸਕਣ।

134. ਫ਼ਿਲਮ 'ਅਸੀਸ' ਸਬੰਧੀ ਰਾਣਾ ਰਣਬੀਰ ਨੇ ਕੀ ਕੀ ਜ਼ਿੰਮੇਵਾਰੀਆਂ ਨਿਭਾਈਆਂ?

ਉੱਤਰ: ਫ਼ਿਲਮ ਅਸੀਸ ਵਿੱਚ ਰਾਣਾ ਰਣਬੀਰ ਨੇ ਇੱਕ ਕਲਾਕਾਰ ਹੋਣ ਤੋਂ ਇਲਾਵਾ ਇਸ ਫ਼ਿਲਮ ਦੇ ਨਿਰਦੇਸ਼ਕ (Director) ਅਤੇ ਨਿਰਮਾਤਾਵਾਂ (Producers) ਵਿੱਚੋਂ ਇੱਕ ਰਹੇ ਹਨ।

135. Digital Interactivity ਕੀ ਹੁੰਦੀ ਹੈ?

ਉੱਤਰ: ਡਿਜੀਟਲ ਅੰਤਰ ਪ੍ਰਕਿਰਿਆ ਤੋਂ ਭਾਵ, ਕਿਸੇ ਇੱਕ ਮਾਧਿਅਮ ਲਈ ਤਿਆਰ ਕੀਤੀ ਗਈ ਸਮਗਰੀ ਨੂੰ Weblink ਰਾਹੀਂ ਜਾਂ ਡਿਜੀਟਲ ਮਾਧਿਅਮ ਰਾਹੀਂ ਪੇਸ਼ ਕਰਨਾ। ਉਦਾਹਰਨ ਵਜੋਂ ਕਿਸੇ ਪੁਸਤਕ ਜਾਂ ਅਖ਼ਬਾਰ ਨੂੰ ਵੈੱਬਸਾਈਟ ਨਾਲ ਲਿੰਕ ਕਰ ਕੇ ਆਨ–ਲਾਈਨ ਢੰਗ ਨਾਲ ਪਾਠ੍ਹਿਆਂ ਤੱਕ ਪੁੱਜਦਾ ਕਰਨਾ।

136. Globalisation, ਸੰਚਾਰ ਪੱਖੋਂ ਕੀ ਪ੍ਰਕਿਰਿਆ ਹੈ?

ਉੱਤਰ: ਗਲੋਬਲਾਈਜ਼ੇਸ਼ਨ, ਸੰਚਾਰ ਦੇ ਪੱਖ ਤੋਂ, ਇਲੈਕਟ੍ਰਾਨਿਕ ਸੰਚਾਰ ਜ਼ਰੀਏ ਧਰਾਤਲੀ ਵਿੱਥਾਂ ਅਤੇ ਹੱਦਾਂ–ਸਰਹੱਦਾਂ ਨੂੰ ਇੱਕ–ਪਾਸੇ ਰੱਖ ਕੇ ਸੰਚਾਰ ਪ੍ਰਕਿਰਿਆਵਾਂ ਚਲਦੀਆਂ ਰੱਖਣ ਦਾ ਢੰਗ ਹੈ ਜਿਵੇਂ ਭਾਰਤ ਵਿੱਚ ਕਿਸੇ ਥਾਂ ਬੈਠਾ ਕੋਈ ਵਿਅਕਤੀ ਧਰਤੀ ਦੇ ਦੂਸਰੇ ਪਾਸੇ ਅਮਰੀਕਾ ਵਿੱਚ ਬੈਠੇ ਕਿਸੇ ਵਿਅਕਤੀ ਨਾਲ ਈ–ਮੇਲ ਰਾਹੀਂ ਜਾਂ ਵੀਡਿਓ ਕਾਲਿੰਗ ਰਾਹੀਂ ਕੁਝ ਸਕਿੰਟ ਦੀ ਦੂਰੀ ਤੱਕ ਹੀ ਮੰਨਿਆ ਜਾ ਸਕਦਾ ਹੈ।

137. ਮੌਜੂਦਾ ਸਮਾਜਾਂ ਵਿੱਚ ਵਿਕਾਸ ਦਾ ਆਰਥਕ ਪੱਖ ਪ੍ਰਬਲ ਹੋਣ ਨਾਲ ਕਿਵੇਂ ਦਾ ਮਾਨਸਿਕ ਪੱਖ ਉਭਰਿਆ ਹੈ?

ਉੱਤਰ: ਮੌਜੂਦਾ ਸਮਾਜਾਂ ਵਿੱਚ ਆਰਥਕ ਪੱਖ ਵਧੇਰੇ ਪ੍ਰਬਲ ਹੋਣ ਨਾਲ ਮਨੁੱਖ ਅੰਦਰ ਸਿਰਫ਼ ਆਪਣੇ ਹੀ ਵਿਕਾਸ ਤੱਕ ਸੀਮਤ ਹੋਣ ਦੀ ਪ੍ਰਵਿਰਤੀ ਘਰ ਕਰ ਗਈ ਹੈ ਜਿਸ ਅਧੀਨ ਜੀਵ ਮੰਡਲ ਤੋਂ ਇਲਾਵਾ ਆਪਣੇ ਨੇੜਲੇ ਸਮਾਜ ਦੇ ਵਿਕਾਸ ਨਾਲ ਵੀ ਮਨੁੱਖ ਦਾ ਕੋਈ ਸਰੋਕਾਰ ਬਾਕੀ ਨਹੀਂ ਰਿਹਾ। ਇਹ ਪ੍ਰਵਿਰਤੀ ਮਾਨਸਿਕ ਰੂਪ ਵਿੱਚ ਪੱਛਮੀ ਸਭਿਅਤਾ ਦੇ ਰਹਿਣ–ਸਹਿਣ ਵਿੱਚ ਵਧੇਰੇ ਸਪਸ਼ਟ ਦਿਖਦੀ ਹੈ।

138. ਪੰਜਾਬ ਦੇ ਸ਼ਹਿਰਾਂ ਵਿੱਚ ਵਿਕਰੀ ਲਈ ਖੜ੍ਹੀਆਂ second hand ਗੱਡੀਆਂ ਕਿਸ ਵਰਤਾਰੇ ਵੱਲ ਇਸ਼ਾਰਾ ਹੈ?

ਉੱਤਰ: ਪੰਜਾਬ ਦੇ ਸ਼ਹਿਰਾਂ ਵਿੱਚ ਖੜ੍ਹੀਆਂ second hand ਗੱਡੀਆਂ, ਉਪਭੋਗਤਾਵਾਦ ਵਿੱਚ ਫ਼ਸ ਕੇ ਮਹਿੰਗੇ ਭਾਅ ਦੀ ਬਦਤਰ ਜ਼ਿੰਦਗੀ ਜਿਊਣ, ਪ੍ਰਦੂਸ਼ਣ ਵਧਾਉਣ ਤੇ ਕਰਜ਼ਿਆਂ ਵਿੱਚ ਫ਼ਸਣ ਵਰਗੀਆਂ ਅਲਾਮਤਾਂ ਵਾਲੇ ਲੋਕਾਂ ਦੇ ਸਮਾਜ ਦੀ ਸਿਰਜਣਾ ਵੱਲ ਤੁਰਨ ਦੇ ਵਰਤਾਰੇ ਦਾ ਪ੍ਰਮਾਣ ਹੈ।

139. Online Newspaper ਅਤੇ e-news paper ਵਿੱਚ ਕੀ ਅੰਤਰ ਹੈ?

ਉੱਤਰ: Online Newspaper ਤਾਂ ਸਾਰਾ ਹੀ ਇਲੈਕਟ੍ਰਾਨਿਕਲੀ ਤਿਆਰ ਹੁੰਦਾ ਹੈ ਤੇ ਪੋਰਟਲ ਉੱਤੇ ਹੀ ਪੜ੍ਹਿਆ ਜਾਂਦਾ ਹੈ ਪਰ ਜਦੋਂ ਪ੍ਰਿੰਟ ਮੀਡੀਆ ਜ਼ਰੀਏ ਹਾਰਡ ਕਾਪੀ ਵਜੋਂ ਛਾਪਿਆ ਅਖ਼ਬਾਰ ਵੈੱਬਸਾਈਟ ਜਾਂ ਪੋਰਟਲ ਉੱਤੇ ਪਾ ਦਿੱਤਾ ਜਾਂਦਾ ਹੈ ਤਾਂ ਉਹ e-news paper ਅਖਵਾਉਂਦਾ ਹੈ।

140. New society ਤੋਂ ਕੀ ਭਾਵ ਹੈ ?

ਉੱਤਰ: ਜਦੋਂ ਲੋਕ ਨਿਊ ਮੀਡੀਆ ਯੰਤਰਾਂ ਅਤੇ ਇੰਟਰਨੈੱਟ ਦੀ ਮਦਦ ਨਾਲ ਆਪਸ ਵਿੱਚ ਜੁੜਦੇ ਹਨ ਅਤੇ ਆਪਸੀ ਸੰਚਾਰ ਵੀ ਆਨ–ਲਾਈਨ ਮਾਧਿਅਮਾਂ ਰਾਹੀਂ ਹੀ ਕਰਦੇ ਹਨ ਤਾਂ ਅਜਿਹੇ ਨਵ ਸਿਰਜੇ ਸਮਾਜ ਨੂੰ ਨਿਊ ਸੁਸਾਇਟੀ ਦਾ ਨਾਮ ਦਿੱਤਾ ਜਾਂਦਾ ਹੈ।

141. ਸਾਡੇ ਸਮਾਜ ਵਿੱਚ ਕਿਹੜੀਆਂ– ਕਿਹੜੀਆਂ ਸੋਸ਼ਲ ਨੈਟਵਰਕਿੰਗ ਸਾਈਟਜ਼ ਕਾਰਜ ਕਰਦੀਆਂ ਹਨ?

ਉੱਤਰ: ਸਾਡੇ ਸਮਾਜ ਵਿੱਚ ਸੰਨ 2001 ਤੋਂ ਬਾਅਦ Friendster, Myspace, Linkedin, Bebo, Orkut ਤੇ Facebook ਪ੍ਰਸਿੱਧ ਸੋਸ਼ਲ ਨੈਟਵਰਕਿੰਗ ਸਾਈਟਜ਼ ਰਹੀਆਂ ਹਨ। Facebook ਇਸ ਵੇਲੇ ਵਿਸ਼ਵ ਭਰ ਵਿੱਚ ਸਭ ਤੋਂ ਵੱਡੀ ਸੋਸ਼ਲ ਨੈਟਵਰਕਿੰਗ ਸਾਈਟ ਹੈ।

142. ਕਿਸੇ ਵੀ ਵੈੱਬ ਐਡਰੈਸ ਵਿੱਚ WWW ਤੋਂ ਕੀ ਭਾਵ ਹੈ?

ਉੱਤਰ: ਕਿਸੇ ਵੀ ਵੈਬ੍ ਐਡਰੈਸ ਵਿੱਚ WWW ਤੋਂ ਭਾਵ ਹੈ, ਤੋਂ ਕੀ ਭਾਵ World Wide Web.

143. ਕਿਸੇ ਵੀ ਬਲੌਗ ਵਿੱਚ ਕਮੈਂਟ ਸੈਕਸ਼ਨ ਦਾ ਕੀ ਮਨੋਰਥ ਹੁੰਦਾ ਹੈ?

ਉੱਤਰ: ਕਿਸੇ ਬਲੌਗ ਵਿੱਚ ਗਲਬਾਤ ਕਰਨ ਤੇ ਵਿਚਾਰ–ਵਟਾਂਦਰੇ ਆਦਿ ਪ੍ਰਤੀ ਕਿਰਿਆਵਾਂ ਲਈ ਮੁਹੱਈਆ ਕਰਵਾਇਆ ਗਿਆ ਸਥਾਨ commnet section ਹੁੰਦਾ ਹੈ। ਇੱਥੇ ਪਾਰਕ ਆਪਣੇ ਵਿਚਾਰ ਸਾਂਝੇ ਕਰਨ ਤੋਂ ਇਲਾਵਾ ਸਵਾਲਾਂ ਦੇ ਜਵਾਬ ਵੀ ਦੇ ਸਕਦੇ ਹੁੰਦੇ ਹਨ ਤੇ ਬਲੌਗਰ ਵੱਲੋਂ ਸਾਂਝੀ ਕੀਤੀ ਸਾਰੀ ਸਮਗਰੀ ਨੂੰ ਵੇਖ ਸਕਦੇ ਹੁੰਦੇ ਹਨ।

144. ਫ਼ੇਸਬੁੱਕ ਪ੍ਰੋਫ਼ਾਈਲ ਦੇ ਹੋਰ ਅਹਿਮ ਹਿੱਸੇ ਕਿਹੜੇ–ਕਿਹੜੇ ਹੁੰਦੇ ਹਨ?

ਉੱਤਰ: ਫ਼ੇਸਬੁੱਕ ਪ੍ਰੋਫ਼ਾਈਲ ਦੇ ਅਹਿਮ ਹਿੱਸੇ ਹਨ; ਫ਼ੇਸਬੁੱਕ ਵਾਲ (Wall), ਫੋਟੋ ਐਲਬਮ, Friends' list, ਸਟੇਟੱਸ ਅਪਡੇਟ, ਫੋਟੋ ਅੱਪਲੋਡ, ਲਾਈਵ ਈਵੈਂਟ, ਲਾਈਵ facility, ਸੰਗੀਤ, ਨਿਊਜ਼ ਫ਼ੀਡ ਆਦਿ।

145. ਮਾਈਕਰੋਬਲੌਗ ਕੀ ਹੁੰਦਾ ਹੈ?

ਉੱਤਰ: ਮਾਈਕਰੋਬਲੌਗਿੰਗ ਔਨਲਾਈਨ ਵੈਬ੍ਰ ਸੇਵਾ ਹੈ ਜਿਸ ਦੇ ਵਰਤੋਂਕਾਰ ਘੱਟ ਸ਼ਬਦਾਂ ਵਿੱਚ ਭਾਵ ਸੰਖੇਪ ਰੂਪ ਵਿੱਚ ਸੁਨੇਹੇ ਇੱਕ ਦੂਜੇ ਨੂੰ ਭੇਜਦੇ ਹਨ। ਟਵਿਟਰ, ਮਾਇਕਰੋਬਲੌਗ ਦਾ ਹੀ ਇੱਕ ਰੂਪ ਹੈ।

146. ਇੰਸਤਾਗਰਾਮ ਕੀ ਹੈ?

ਉੱਤਰ: ਇੰਸਤਾਗਰਾਮ, ਫ਼ੇਸਬੁੱਕ ਵੱਲੋਂ ਚਲਾਈ ਜਾਂਦੀ ਇੰਟਰਨੈੱਟ ਅਧਾਰਤ ਐਪ ਜਾਂ ਸੇਵਾ ਹੈ। ਸਮਾਰਟ ਫੋਨ, ਡੈਸਕਟੌਪ, ਟੈਬਲੇਟ ਆਦਿ ਦੀ ਵਰਤੋਂ ਕਰਦਿਆਂ ਫ਼ੋਟੋਆਂ ਤੇ ਵੀਡਿਓਜ਼ ਇਸ ਐਪ ਜ਼ਰੀਏ ਨਿਜੀ (private) ਤੌਰ ’ਤੇ ਸਾਰਿਆਂ (public) ਲਈ ਸਾਂਝੇ ਕੀਤੇ ਜਾ ਸਕਦੇ ਹਨ ਅਤੇ ਉਨ੍ਹਾਂ ਬਾਰੇ ਛੋਟੇ ਵਿਚਾਰ ਵੀ ਲਿਖੇ ਜਾ ਸਕਦੇ ਹੁੰਦੇ ਹਨ।

147. ਹੱਤਕ-ਇਜ਼ੱਤ (slander) ਤੇ ਮਾਣਹਾਨੀ (Lebil) ਵਿੱਚ ਕੀ ਅੰਤਰ ਹੈ?

ਉੱਤਰ: ਹੱਤਕ-ਇਜ਼ੱਤ ਅਸਲ ਵਿੱਚ ਮੌਖਿਕ ਰੂਪ ਵਿੱਚ ਕੀਤੀ ਗਈ ਬੇਇਜ਼ਤੀ ਨੂੰ ਆਖਦੇ ਹਨ ਜੋ ਭਾਰਤੀ ਦੰਡਾਵਲੀ (Indian Penal Code) ਦੇ ਅਨੁਸਾਰ ਸਲੈਂਡਰ ਅਖਵਾਉਂਦਾ ਹੈ। ਲਿਖਤੀ ਰੂਪ ਵਿੱਚ ਕੀਤੀ ਗਈ ਬੇਇਜ਼ਤੀ ਜੋ ਛਪਾਈ ਦੇ ਰੂਪ ਵਿੱਚ ਵੀ ਹੋ ਸਕਦੀ ਹੈ, ਭਾਰਤੀ ਦੰਡਾਵਲੀ ਦੇ ਅਨੁਸਾਰ ਲੱਇਬਲ ਅਖਵਾਉਂਦੀ ਹੈ।

148. ਪਿਛਲੇ ਦੋ ਦਹਾਕਿਆਂ (decades) ਤੋਂ ਕਿਹੜੇ ਤਿੰਨ ਪੱਖਾਂ ਤੋਂ ਮੀਡੀਆ ਰਿਪੋਰਟਿੰਗ ਵਿੱਚ ਗਿਰਾਵਟ ਦਿਖਦੀ ਹੈ?

ਉੱਤਰ: 01. ਮੀਡੀਆ ਨੂੰ ਮਸਲਿਆਂ ਦੀ ਪੇਸ਼ਕਾਰੀ ਵਿੱਚ ਸਨਸਨੀ ਦਾ ਅੰਸ਼ ਕਾਫੀ ਵਧਾ ਦਿੱਤਾ ਹੈ।

02. ਮੀਡੀਆ ਰਿਪੋਰਟਿੰਗ ਵਿੱਚ ਧਿਰਬਾਜ਼ੀ ਆਮ ਹੀ ਵੇਖਣ ਨੂੰ ਮਿਲਦੀ ਹੈ।

03. ਮੀਡੀਆ ਰਿਪੋਰਟਿੰਗ ਸਬੰਧੀ ਤੱਥਾਂ ਦੀਆਂ ਤੇ ਭਾਸ਼ਾਈ ਉਕਾਈਆਂ ਬਹੁਤ ਵੱਧ ਗਈਆਂ ਹਨ।

149. ਐਨ.ਈ.ਏ. ਅਨੁਸਾਰ ਲੋਕਤੰਤਰ ਵਿੱਚ ਮੀਡੀਆ ਦਾ ਮਨੋਰਥ ਕੀ ਹੈ?

ਉੱਤਰ: ਨਿਊਜ਼ ਬ੍ਰਾਡਕਾਸਟਰ ਐਸੋਸੀਏਸ਼ਨ ਮੁਤਾਬਕ ਲੋਕਤੰਤਰ ਵਿੱਚ ਮੀਡੀਆ ਦਾ ਮਨੋਰਥ, ਇਸ ਤਰ੍ਹਾਂ ਖ਼ਬਰਾਂ ਤੇ ਜਾਣਕਾਰੀ ਲੋਕਾਂ ਵਿੱਚ ਨਸ਼ਰ ਕਰਨਾ ਹੈ ਕਿ ਲੋਕ ਸੂਚਨਾ ਪ੍ਰਤੀ ਜਾਗਰੂਕ ਹੋਣ, ਘਟਨਾ ਦਾ ਮਹੱਤਵ ਸਮਝ ਕੇ ਆਪਣੀ ਰਾਇ ਬਨਾਉਣ ਤੇ ਸੂਝ ਮੁਤਾਬਕ ਫ਼ੈਸਲੇ ਲੈ ਸਕਣ।

# ਪ੍ਰਸ਼ਨ ਬੈਂਕ–XII ਸ਼੍ਰੇਣੀਂ–ਮੀਡੀਆ ਸਟੱਡੀਜ਼

150. ਮੀਡੀਆ ਦਾ ਸਟਿੰਗ ਅਪ੍ਰੇਸ਼ਨ ਕੀ ਹੁੰਦਾ ਹੈ?

ਉੱਤਰ: ਕਿਸੇ ਖ਼ਬਰ ਨੂੰ ਕਵਰੇਜ ਦੇਣ ਦੀ ਖਾਤਰ ਸਟਿੰਗ, ਜਸੂਸੀ ਜਾਂ ਖੁਫੀਆ ਕਾਰਵਾਈ ਖ਼ਬਦ ਦੇ ਤੱਥ ਇਕੱਠੇ ਕਰਨ ਲਈ ਕੀਤੀ ਜਾਂਦੀ ਹੈ ਪਰ ਅਜਿਹੀ ਕਾਰਵਾਈ ਨੂੰ ਪੱਤਰਕਾਰੀ ਜਾਂ ਮੀਡੀਆਕਾਰੀ ਦੇ ਆਖਰੀ ਹਥਿਆਰ ਵਜੋਂ ਹੀ ਵਰਤਿਆ ਜਾਂਦਾ ਹੈ।

## ਪ੍ਰਸ਼ਨ ਬੈਂਕ– XII ਸ਼੍ਰੇਣੀਂ-ਮੀਡੀਆ ਸਟੱਡੀਜ

*ਵੱਡੇ ਉੱਤਰਾਂ ਵਾਲੇ ਪ੍ਰਸ਼ਨ (04 ਅੰਕ ਪ੍ਰਤੀ ਪ੍ਰਸ਼ਨ)

Long answer questions.

**ਨੋਟ: ਹਰ ਪ੍ਰਸ਼ਨ ਦਾ ਉੱਤਰ 4 ਤੋਂ 6 ਸਤਰਾਂ ਵਿੱਚ ਦਿਓ:-**

151. ਹੇਠ ਲਿਖਿਆਂ ਦੀ full form, ਜਨ-ਸੰਚਾਰ ਦੇ ਸੰਦਰਭ (context) ਵਿੱਚ ਲਿਖੋ:-

(i) A.F.P. (ii) A.P. (iii) B.F. (iv) A.M.'s

ਉੱਤਰ: (i) A.F.P. ਏਜੰਸੀ ਫ਼ਰਾਂਸ ਪ੍ਰੈਸ

(ii) A.P. ਐਸੋਸੀਏਟਿਡ ਪ੍ਰੈਸ

(iii) B.F. ਬੋਲਡ ਫ਼ੇਸ ਟਾਈਪ

(iv) A.M.'s ਸਵੇਰੇ ਦਰ 'ਤੇ ਪੁੱਜਣ ਵਾਲੇ ਅਖ਼ਬਾਰ

152. ਹੇਠ ਲਿਖਿਆਂ ਵਿੱਚੋਂ ਕਿਸੇ ਦੋ ਦੀ ਵਿਆਖਿਆ ਜਨ-ਸੰਚਾਰ ਦੇ ਸੰਦਰਭ (context) ਵਿੱਚ ਕਰੋ:-

(i) Ears (ii)Double (iii) Embargo

ਉੱਤਰ: (i) Ears- ਅਖ਼ਬਾਰ ਦੇ ਪਹਿਲੇ ਸਫ਼ੇ ਉੱਤੇ ਛਾਪੇ ਜਾਂਦੇ, ਅਖ਼ਬਾਰ ਦੇ ਨਾਮ ਦੇ ਦੋਹੀਂ ਪਾਸਿਆਂ ਦੇ ਇਸ਼ਤਿਹਾਰੀ ਬਕਸੇ 'ਈਅਰਜ਼' ਕਹਾਉਂਦੇ ਹਨ।

(ii) Double- ਓਹੀ ਖ਼ਬਰਾਂ ਜਾਂ ਸਮਗਰੀ ਜਾਂ ਕਿਸੇ ਵੀ ਰੂਪ ਵਿੱਚ ਇੱਕ ਹੀ ਐਡੀਸ਼ਨ ਵਿੱਚ ਦੂਹਰੀ ਵਾਰ ਛਪਿਆ ਹੋਣਾਂ 'ਡਬਲ' ਅਖਵਾਉਂਦਾ ਹੈ।

(iii) Embargo- ਸਮੇਂ ਤੋਂ ਪਹਿਲਾਂ ਹੀ ਭੇਜੀ ਗਈ ਜਾਣਕਾਰੀ ਜਿਸ ਨੂੰ ਕਿਸੇ ਖਾਸ ਸਮੇਂ ਜਾਂ ਮੌਕੇ ਤੱਕ ਨਾ ਛਾਪੇ ਜਾਣ ਦੀ ਰੋਕ ਸਬੰਧੀ ਬੇਨਤੀ ਕੀਤੀ ਹੋਵੇ।

153. ਅਖ਼ਬਾਰ ਵਿੱਚ ਛਪਣ ਵਾਲੇ Middle ਤੇ Morgue ਵਿੱਚ ਕੀ ਅੰਤਰ ਹੈ?

ਉੱਤਰ: ਮਿਡਲ ਅਸਲ ਵਿੱਚ ਮਾਨਵੀ ਦਿਲਚਸਪੀ ਜਾਂ ਸਵੈ-ਤਜ਼ਰਬੇ ਦੇ ਅਧਾਰ 'ਤੇ ਲਿਖਿਆ ਗਿਆ ਫ਼ੀਚਰ ਹੁੰਦਾ ਹੈ ਜੋ ਕਿ ਸੰਪਾਦਕੀ ਪੰਨੇ ਦੇ ਮੱਧ ਵਿੱਚ ਛਪਿਆ ਜਾਂਦਾ ਹੈ। ਇਹ ਮੌਰਗ ਤੋਂ ਬਿਲਕੁਲ ਵਖਰੀ ਸਮਗਰੀ ਹੈ ਕਿਉਂਕਿ ਮੌਰਗ ਤਾਂ ਸ਼ਰਧਾਂਜਲੀਆਂ ਦੇ ਇਸ਼ਤਿਹਾਰ ਛਾਪੇ ਜਾਣ ਵਾਲੇ ਅਖ਼ਬਾਰੀ ਸਥਾਨ ਨੂੰ ਆਖਦੇ ਹਨ।

154. ਜਨ-ਸੰਚਾਰ ਦੇ ਖੇਤਰ ਵਿੱਚ Sequence ਤੇ Serial ਵਿੱਚ ਕੀ ਅੰਤਰ ਹੈ ?

ਉੱਤਰ: ਸੀਰੀਅਲ,ਕਿਸੇ ਲੇਖ ਦੀ ਲੜੀ ਜਾਂ ਕਥਾ ਦੀ ਲੜੀ ਹੁੰਦੀ ਹੈ ਜੋ ਕਿਸ਼ਤਾਂ ਵਿੱਚ ਛਾਪੀ ਜਾਂਦੀ ਹੈ ਜਾਂ ਪ੍ਰਸਾਰਤ ਕੀਤੀ ਜਾਂਦੀ ਹੈ। ਇਹ ਪ੍ਰਿੰਟ ਜਾਂ ਇਲੈਕਟ੍ਰਾਨਿਕ ਦੋਹੇਂ ਹੀ ਕਿਸਮ ਦੇ ਮੀਡੀਆ ਦਾ ਹਿੱਸਾ ਹੋ ਸਕਦੀ ਹੁੰਦੀ ਏ ਪਰ ਸੀਕੂਐਂਸ, ਤਸਵੀਰਾਂ ਦੀ ਲੜੀ ਹੁੰਦੀ ਹੈ ਜੋ ਲਗਾਤਾਰ ਵਾਪਰਦੀ ਹਰਕਤ ਨੂੰ ਵਿਖਾਉਣ ਲਈ ਇੱਕ ਤੋਂ ਮਗਰੋਂ ਇੱਕ ਖਿੱਚੀਆਂ ਜਾਂਦੀਆਂ ਹਨ।

155. ਡੇਟਲਾਈਨ ਤੇ ਡੈਡ ਲਾਈਨ ਵਿੱਚ ਅੰਤਰ ਸਪਸ਼ਟ ਕਰਦੀ ਵਿਆਖਿਆ ਕਰੋ।

ਉੱਤਰ: ਡੇਟ ਲਾਈਨ (Dateline) ਖ਼ਬਰ ਦੇ ਉਤਪੰਨ ਹੋਣ ਦਾ ਸਥਾਨ ਤੇ ਤਰੀਖ਼ ਦੱਸਦੇ ਹਿੱਸੇ ਨੂੰ ਆਖਦੇ ਹਨ ਜਦੋਂ ਕਿ ਡੈਡਲਾਈਨ (Dead line) ਉਹ ਸਮਾਂਹੱਦ ਹੈ ਜਿਸ ਤੋਂ ਪਹਿਲਾਂ ਕਿਸੇ ਅਡੀਸ਼ਨ ਲਈ ਖ਼ਬਰਾ ਤੇ ਲੇਖਾਂ ਨੂੰ ਛਪਾਈ ਲਈ ਫੜਾਉਣਾ ਹੁੰਦਾ ਹੈ।

156. ਐਨ.ਬੀ.ਏ. ਵੱਲੋਂ ਦਿੱਤੇ Self Regulation ਦੇ ਸਿਧਾਂਤ ਅਨੁਸਾਰ 'ਕੌਮੀ ਸੁਰੱਖਿਆ ਨੂੰ ਖਤਰੇ' ਦੀ ਵਿਆਖਿਆ ਕਰੋ।

ਉੱਤਰ: ਨਿਊਜ਼ ਬ੍ਰਾਡਕਾਸਟਰਜ਼ ਐਸੋਸੀਏਸ਼ਨ ਵੱਲੋਂ ਸਵੈ ਨੇਮਬੱਧਤਾ ਲਈ ਘੜੇ ਨਿਯਮਾਂ ਅਨੁਸਾਰ ਭਾਰਤ ਦੀ ਭੂਮੀ, ਕੂਟਨੀਤਿਕ ਮਾਮਲਿਆਂ, ਸੁਰੱਖਿਆ ਮਾਮਲਿਆਂ ਅਤੇ ਨਕਸ਼ਿਆਂ ਆਦਿ ਬਾਰੇ ਕੇਂਦਰ ਸਰਕਾਰ ਵੱਲੋਂ ਉਚੇਚੇ ਨਿਯਮ ਬਣਾਏ ਗਏ ਹਨ ਤਾਂ ਜੋ ਅਜਿਹੇ ਮਾਮਲਿਆਂ ਦੀ ਮੀਡੀਆ ਪੇਸ਼ਕਾਰੀ ਕੋਈ ਖ਼ਤਰਾ ਨਾ ਖੜ੍ਹਾ ਕਰ ਦੇਵੇ। ਹਰ ਅਖ਼ਬਾਰ ਤੇ ਚੈਨਲ ਨੂੰ ਨਾ ਸਿਰਫ਼ ਨਿਯਮਾਂ ਅਧੀਨ ਸਗੋਂ ਉਚੇਚੀ ਭਾਸ਼ਾ ਵਿੱਚ ਹੀ ਰਿਪੋਰਟਿੰਗ, ਬ੍ਰਾਡਕਾਸਟਿੰਗ ਤੇ ਛਪਾਈ ਕਰਨੀ ਜ਼ਰੂਰੀ ਹੈ। ਕੌਮੀ ਸੁਰੱਖਿਆ ਵਿੱਚ ਸੰਨ੍ਹ ਲੱਗ ਸਕਣ ਤੋਂ ਬਚਾਅ ਕਰਨਾ ਮੀਡੀਆ ਲਈ ਵੀ ਲੋਕ-ਹਿੱਤ ਦਾ ਕਾਰਜ ਹੈ।

157. ਕਿਸੇ ਦੁਰਘਟਨਾ ਦੇ ਪੀੜਤਾਂ ਦੀ ਇੰਟਰਵਿਊ ਕਰਦਿਆਂ ਮੀਡੀਆ ਕਰਮੀ ਮੋਟੇ ਤੌਰ 'ਤੇ ਕੀ-ਕੀ ਪੱਖਾਂ ਦਾ ਧਿਆਨ ਰੱਖੇ।

ਉੱਤਰ: ਕਿਸੇ ਦੁਰਘਟਨਾ ਦੇ ਪੀੜਤਾਂ ਦੀ ਇੰਟਰਵਿਊ ਲੈਂਦਿਆਂ ਜਾਂ ਤਸਵੀਰਾਂ ਖਿਚਦਿਆਂ ਉਨ੍ਹਾਂ ਪ੍ਰਤੀ ਅਤਿ ਉਨ੍ਹਾਂ ਦੀ ਸਮਾਜਿਕ ਸਾਖ਼ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਲੋੜ ਹੁੰਦੀ ਹੈ ਅਤੇ ਨਾਲ ਹੀ ਅਜਿਹੀ ਸੰਵੇਦਨਾ ਦਾ ਦਿਖਾਵਾ ਉੱਕਾ ਹੀ ਨਹੀਂ ਕਰਨਾ ਹੁੰਦਾ। ਕਿਸੇ ਵੀ ਰਿਪੋਰਟਰ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਦੇ ਰਿਪੋਰਟਿੰਗ ਕਰਦਿਆਂ ਕਿਸ ਨੂੰ ਕਿਹੜੇ ਪੱਧਰ 'ਤੇ ਕੀ ਔਕੜ ਮਹਿਸੂਸ ਹੁੰਦੀ ਹੈ ਜਾਂ ਹੋ ਸਕਦੀ ਹੈ ਕਿਉਂਕਿ ਮੀਡੀਆ ਲਈ ਕਾਰਜ ਕਰਨ ਨਾਲ ਕਿਸੇ ਨੂੰ ਸਿਰਫ਼ ਆਪਣੀ ਇੱਛਾ ਅਨੁਸਾਰ ਕੰਮ ਕੱਢ ਲੈਣ ਦਾ ਲਾਇਸੈਂਸ ਨਹੀਂ ਮਿਲ ਜਾਂਦਾ।

## ਪ੍ਰਸ਼ਨ ਬੈਂਕ-XII ਸ਼੍ਰੇਣੀਂ-ਮੀਡੀਆ ਸਟੱਡੀਜ਼

158. ਮੁਲਜ਼ਮਾਂ ਦੀ ਜੁਰਮਾਂ ਸਬੰਧੀ ਰਿਪੋਰਟਿੰਗ ਕਿਵੇਂ ਕੀਤੀ ਜਾਣੀ ਚਾਹੀਦੀ ਹੈ?

ਉੱਤਰ: ਮੁਜਰਮਾਂ ਦੇ ਵੀ ਕੁਝ ਹੱਕ ਹੁੰਦੇ ਹਨ ਤੇ ਇਸ ਬਾਰੇ ਰਿਪੋਰਟਿੰਗ ਕਰਦਿਆਂ ਸੁਚੇਤ ਰਹਿਣਾ ਬਹੁਤ ਜ਼ਰੂਰੀ ਹੈ। ਉਸ ਤੋਂ ਵੀ ਵੱਧ ਜ਼ਰੂਰੀ ਹੈ ਕਿ ਮੁਲਜ਼ਮ ਨੂੰ ਕਦੇ ਵੀ ਮੁਜਰਮ/ਦੋਸ਼ੀ ਬਣਾ ਕੇ ਪੇਸ਼ ਨਾ ਕੀਤਾ ਜਾਵੇ ਕਿਉਂਕਿ ਅਜਿਹਾ ਜ਼ਿਆਦਾਤਰ ਉਦੋਂ ਹੀ ਹੁੰਦਾ ਹੈ ਜਦੋਂ ਰਿਪੋਰਟਿੰਗ ਸਿਰਫ਼ ਪੁਲੀਸ ਦੇ ਪੱਖ ਦੇ ਆਧਾਰ ’ਤੇ ਕੀਤੀ ਜਾ ਰਹੀ ਹੋਵੇ। ਜਿਨਸੀ ਜੁਰਮਾਂ ਬਾਰੇ ਮਾਮਲਿਆਂ ਵਿੱਚ ਜ਼ਰੂਰੀ ਹੈ ਕਿ ਘੱਟ ਉਮਰ ਦੇ ਮੁਲਜ਼ਮਾਂ ਦੇ ਪਛਾਣ ਸਬੰਧੀ ਬਹੁਤ ਸਾਵਧਾਨੀ ਵਰਤੀ ਜਾਵੇ। ਅਜਿਹੇ ਮਾਮਲਿਆਂ ਵਿੱਚ ਤਾਂ ਦੋਸ਼ ਲਾਉਣ ਤੋਂ ਪਹਿਲਾਂ ਹਰ ਪੱਖ ਦੀ ਘੋਖ ਬਹੁਤ ਜ਼ਰੂਰੀ ਹੁੰਦੀ ਹੈ।

159. ਮਨਪਰਚਾਵੇ ਨਾਲ ਸਬੰਧਤ ਮਾਧਿਅਮਾਂ ਦੇ ਪ੍ਰਗਟਾਵੇ ਵਿੱਚ ਕੀ ਪ੍ਰਮੁੱਖ ਔਕੜਾਂ ਦਰਪੇਸ਼ ਹਨ ?

ਉੱਤਰ: ਮਨਪਰਚਾਵੇ ਦੇ ਸੰਚਾਰ ਮਾਧਿਅਮਾਂ ਵਿੱਚ ਹਿੰਸਾ, ਜਿਸਮਾਨੀ ਸਬੰਧ ਅਤੇ ਅਪਭਾਸ਼ਾ (ਗਾਲ੍ਹਾਂ ਆਦਿ) ਦੀ ਵਰਤੋਂ ਅਤੇ ਪ੍ਰਗਟਾਵਾ ਸਭ ਤੋਂ ਵੱਡੀ ਔਕੜ ਹੈ। ਇਸ ਸਬੰਧ ਵਿੱਚ ਸਾਰੇ ਸਮਾਜਾਂ ਅਤੇ ਇਲਾਕਿਆਂ ਵਿੱਚ ਨਿਯਮ-ਕਾਨੂੰਨ ਅਧੀਨ ਨਿਰਦੇਸ਼ ਦਿੱਤੇ ਗਏ ਹੁੰਦੇ ਹਨ ਜੋ ਕਿ ਫ਼ਿਲਮਾਂ ਤੇ ਕੰਪਿਊਟਰੀ ਖੇਡਾਂ ਸਮੇਤ ਸਾਰੇ ਹੀ ਸੰਚਾਰ ਮਾਧਿਅਮਾਂ ਲਈ ਸਾਂਝੇ ਹੁੰਦੇ ਹਨ ਤੇ ਇਸ ਪੱਖ ਦੀ ਦੇਖ-ਰੇਖ ਕਈ ਹੋਰ ਸੰਸਥਾਵਾਂ ਵੀ ਕਰਦੀਆਂ ਹਨ। ਇਹ ਸੰਸਥਾਵਾਂ ਆਪਣੀਆਂ ਪੇਸ਼ਕਾਰੀਆਂ ਦੀ ਰੇਟਿੰਗ ਕਰ ਕੇ ਇਸ ਪਾਸੇ ਵੱਲ ਧਿਆਨ ਦਿਵਾਉਂਦੀਆਂ ਹਨ।

160. ਸੈੱਲ ਜਾਂ ਮੋਬਾਈਲ ਫ਼ੋਨ ਸੇਵਾ ਅਰੰਭੇ ਜਾਣ ਸਬੰਧੀ ਕੋਈ ਦੋ ਇਤਹਾਸਕ ਪੱਖ ਲਿਖੋ।

ਉੱਤਰ: 01. ਦੁਨੀਆਂ ਦਾ ਪਹਿਲਾ ਮੋਬਾਈਲ ਫੋਨ ਸੰਨ 1973 ਦੇ ਅਪਰੈਲ ਮਹੀਨੇ ਵਿੱਚ ਮੋਟੋਰੋਲਾ ਕੰਪਨੀ ਦੇ ਮੁਲਾਜ਼ਮ ਮਾਰਟਿਨ ਕੂਪਰ ਵੱਲੋਂ ਤਿਆਰ ਕੀਤਾ ਗਿਆ ਸੀ।

02. ਸਾਰੇ ਸ਼ਹਿਰ ਵਿੱਚ ਸੈਲਿਊਲਰ ਨੈਟਵਰਕ ਲਿਆਉਣ ਵਾਲਾ, ਜਾਪਾਨ, ਸੰਨ 1979 ਵਿੱਚ ਦੁਨੀਆਂ ਦਾ ਪਹਿਲਾ ਦੇਸ਼ ਬਣਿਆ ਸੀ।

161. ਬਲੂਟੁੱਥ ਕੀ ਹੁੰਦਾ ਹੈ ? ਜਾਣ ਪਛਾਣ ਕਰਾਓ।

ਉੱਤਰ: ਬਲੂਟੁੱਥ, ਮੋਬਾਈਲ ਫ਼ੋਨਾਂ ਨਾਲ ਸਬੰਧਤ ਇੱਕ ਅਜਿਹੀ ਤਕਨੀਕ ਹੈ ਜਿਸਦੀ ਵਰਤੋਂ ਵਿੱਚ ਇੱਕ ਸੈੱਲ ਫ਼ੋਨ ਤੋਂ ਦੂਸਰੇ ਸੈੱਲ ਫ਼ੋਨ ਤੱਕ ਡੇਟਾ ਭੇਜਣ ਲਈ ਕੀਤੀ ਜਾਂਦੀ ਹੈ। ਇਹ ਡੇਟਾ ਆਡੀਓ, ਵੀਡਿਓ, ਲਿਖਤੀ, ਫ਼ੋਟੋਆਂ ਆਦਿ ਰੂਪਾਂ ਵਿੱਚ ਹੋ ਸਕਦੀ ਹੈ। ਇਸ ਦੀ ਰੇਂਜ ਇਸ ਦੇ ਵੱਖੋ-ਵੱਖ ਮਾਡਲਾਂ ਜਾਂ ਵਰਸ਼ਨਜ਼ ’ਤੇ ਅਧਾਰਤ ਹੁੰਦੀ ਹੈ। ਬਲੂਟੁੱਥ ਤਕਨੀਕ ਨਾਲ ਬਿਨਾਂ ਤਾਰਾਂ ਵਾਲ਼ੇ ਹੈੱਡ ਫ਼ੋਨ ਜਾਂ ਬਿਨਾਂ ਤਾਰਾਂ ਵਾਲ਼ੇ ਸਪੀਕਰ ਵੀ ਸੈੱਲ ਫ਼ੋਨ ਨਾਲ ਜੋੜੇ ਜਾ ਸਕਦੇ ਹਨ।

162. ਸੈੱਲ ਫ਼ੋਨ ਦੀਆਂ ਵੱਖੋ-ਵੱਖ ਜੈਨਰੇਸ਼ਨਾਂ ਵਿੱਚੋਂ ਕਿਸੇ ਦੋ ਬਾਰੇ ਵਿਸ਼ੇਸ਼ਤਾਵਾਂ ਲਿਖੋ।

ਉੱਤਰ: 01. ਸੈੱਲ ਫ਼ੋਨ ਦੀ ਦੂਸਰੀ ਪੁਸ਼ਤ ਭਾਵ '2G' ਸੈੱਲ ਫ਼ੋਨਾਂ ਦਾ ਜਨਮ ਸੰਨ 1993 ਵਿੱਚ, ਫ਼ਿਨਲੈਂਡ ਵਿਖੇ ਹੋਇਆ ਤੇ ਇਸੇ ਸਾਲ SMS ਭੇਜੇ ਜਾਣ ਦੀ ਸ਼ੁਰੂਆਤ ਹੋਈ।

02. ਸੈੱਲ ਫ਼ੋਨ ਦਾ '3G' ਨੈਟਵਰਕ ਸੰਨ 2001 ਵਿੱਚ ਅਰੰਭਿਆ ਗਿਆ ਸੀ। ਇਸੇ ਤਹਿਤ ਮੋਬਾਈਲ ਵਰਤੋਂਕਾਰਾਂ ਨੂੰ ਵੀਡਿਓ ਕਾਲਿੰਗ ਦੀ ਸਹੂਲਤ ਮਿਲਣੀ ਸ਼ੁਰੂ ਹੋਈ।

163. ਇੰਸਤਾਗ੍ਰਾਮ ਕੀ ਹੈ? ਜਾਣ-ਪਛਾਣ ਕਰਵਾਓ।

ਉੱਤਰ: ਇੰਸਤਾਗ੍ਰਾਮ, ਫ਼ੇਸਬੁੱਕ ਵੱਲੋਂ ਚਲਾਈ ਜਾਂਦੀ ਇੰਟਰਨੈੱਟ ਅਧਾਰਤ ਐਪੀਲੀਕੇਸ਼ਨ ਜਾਂ ਸੇਵਾ ਹੈ। ਸਮਾਰਟ ਫ਼ੋਨ, ਡੈਸਕਟੌਪ, ਟੇਬਲੈੱਟ ਆਦਿ ਦੀ ਵਰਤੋਂ ਕਰਦਿਆਂ ਫ਼ੋਟੋਆਂ ਤੇ ਵੀਡਿਓਜ਼ ਇਸ ਐਪ ਦੇ ਜ਼ਰੀਏ ਨਿੱਜੀ ਜਾਂ ਲੋਕਾਈ (Public) ਦੇ ਪੱਧਰ 'ਤੇ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਉੱਤੇ ਟਿੱਪਣੀਆਂ (Comments) ਕੀਤੀਆਂ ਜਾ ਸਕਦੀਆਂ ਹਨ ਤੇ ਸੀਮਤ ਗੱਲਬਾਤ ਵੀ ਨਿੱਜੀ ਜਾਂ ਲੋਕਾਈ ਪੱਧਰ 'ਤੇ ਵੀ ਇਸ ਐਪ ਰਾਹੀਂ ਸੰਭਵ ਹੈ।

164. ਸਰਚ ਇੰਜਨ ਤੇ ਈ-ਮੇਲ ਵਿੱਚ ਅੰਤਰ ਸਪਸ਼ਟ ਕਰਦੀ ਵਿਆਖਿਆ ਕਰੋ।

ਉੱਤਰ: ਸਰਚ ਇੰਜਨ ਰਾਹੀਂ ਪੋਰਟਲ 'ਤੇ ਕੁਝ ਵੀ ਖੋਜਣ ਜਾਂ ਢੂੰਡਣ ਵਿੱਚ ਸੇਧ ਮਿਲਦੀ ਹੈ ਭਾਵ ਕੁਝ ਕੁ ਸ਼ਬਦ ਲਿਖ ਕੇ ਵੱਖ ਵੱਖ ਪ੍ਰਕਾਰ ਦੀ ਸਮਗਰੀ ਤੱਕ ਪਹੁੰਚ ਕੀਤੀ ਜਾ ਸਕਦੀ ਹੁੰਦੀ ਹੈ। ਦੂਸਰੇ ਪਾਸੇ ਈ-ਮੇਲ ਜਾਂ ਇਲੈਕਟ੍ਰਾਨਿਕ ਮੇਲ ਉਹ 'ਚਿੱਠੀ' ਹੈ ਜੋ ਕੰਪਿਊਟਰ, ਸਮਾਰਟ ਫ਼ੋਨ ਆਦਿ ਅਤਿ ਅਧੁਨਿਕ ਸਾਧਨਾਂ ਜ਼ਰੀਏ ਅਜਿਹੇ ਹੀ ਸਾਧਨਾਂ 'ਤੇ ਪੜ੍ਹਨ ਲਈ ਭੇਜੀ ਜਾਂਦੀ ਹੈ।

165. ਔਨ ਲਾਈਨ ਜਰਨਲਿਜ਼ਮ ਕੀ ਹੈ?

ਉੱਤਰ: ਇਲੈਕਟ੍ਰਾਨਿਕ ਮੀਡੀਆ ਦੇ ਰਿਪੋਰਟਰਾਂ ਵੱਲੋਂ ਸਮਾਰਟ ਫ਼ੋਨ ਨਾਲ ਕਵਰੇਜ ਕਰਨ ਮਗਰੋਂ ਇੰਟਰਨੈੱਟ ਦੀ ਮਦਦ ਨਾਲ ਰਿਕਾਰਡਿੰਗਾਂ ਜਾਂ ਵੀਡਿਓਜ਼ ਆਪਣੇ ਦਫ਼ਤਰਾਂ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ। ਟੀ.ਵੀ. ਚੈਨਲ ਜੇ ਸਿੱਧਾ ਪ੍ਰਸਾਰਨ ਨਾ ਵੀ ਕਰਨ ਤਾਂ ਵੈੱਬਸਾਈਟਾਂ ਉੱਤੇ ਖ਼ਬਰਾਂ ਆਦਿ ਸਮਗਰੀ ਅਪਡੇਟ ਕਰਦੇ ਰਹਿੰਦੇ ਹਨ ਤੇ ਸਮਗਰੀ ਲਗਾਤਾਰ ਅੱਪਲੋਡ ਵੀ ਹੁੰਦੀ ਰਹਿੰਦੀ ਹੈ। ਇਨ੍ਹਾਂ ਚੈਨਲਾਂ ਨੂੰ ਇਵੇਂ ਵੈੱਬਸਾਈਟਾਂ ਉੱਤੇ ਵੇਖਣ ਨਾਲ ਸੰਚਾਰ ਪ੍ਰਕਿਰਿਆ ਪੂਰੀ ਹੁੰਦੀ ਹੈ।

166. ਵਿਚਾਰਵਾਨਾਂ ਅਨੁਸਾਰਜ ਜਨਸੰਚਾਰ ਤੇ ਨਿਊ ਮੀਡੀਆ ਵਿੱਚ ਕੀ ਸਪਸ਼ਟ ਅੰਤਰ ਹੈ?

ਉੱਤਰ: ਵਿਚਾਰਵਾਨਾਂ ਅਨੁਸਾਰ ਜਨਸੰਚਾਰ, ਸਨਅਤੀ ਜਨ ਸਮਾਜ ਦੀ ਸੰਚਾਰ ਵਿਧੀ ਹੈ ਜੋ ਵਿਅਕਤੀਗਤ ਹੋਂਦ ਉੱਤੇ ਆਪਣੀਆਂ ਕਦਰਾਂ ਕੀਮਤਾਂ ਦੀ ਛਾਪ ਛੱਡਦੀ ਹੈ ਜਦੋਂ ਕਿ (New Media) ਉੱਤਰ ਸਨਅਤੀ (Post Industrial) ਜਾਂ ਗਲੋਬਡਾਈਜ਼ਡ ਸਮਾਜ ਦੀ ਸੰਚਾਰ ਵਿਧੀ ਹੈ ਜਿਸ ਵਿੱਚ ਹਰ ਨਾਗਰਿਕ ਨੂੰ ਵੱਡੀ ਗਿਣਤੀ ਵਿੱਚ ਪ੍ਰਾਪਤ ਰਹੁ-ਰੀਤੀ ਵੰਨਗੀਆਂ ਵਿੱਚੋਂ ਆਪਣੀ ਪਸੰਦ ਚੁਣਨ ਦੀ ਖੁੱਲ੍ਹ ਹੁੰਦੀ ਹੈ ਜਾਂ ਇਹ ਕਹਿ ਲਿਆ ਜਾਵੇ ਕਿ ਹੁਣ ਕੋਈ ਵਸਤੂ, ਸੇਵਾ ਜਾਂ ਸੋਚ ਜਨ ਸਮੂਹ ਦੇ ਸਿਰ ਮੜ੍ਹਨ ਦੀ ਥਾਂ ਜਨ-ਸਮੂਹ ਦੇ ਹਰ ਮੈਂਬਰ ਤੱਕ ਵਿਅਕਤੀਗਤ ਪਹੁੰਚ ਕਰ ਸਕਣ ਦੀ ਕੋਸ਼ਿਸ਼ ਹੈ।

167. ਕੌਮਾਂਤਰੀ ਕੰਪਨੀਆਂ 'ਚ ਰੁਜ਼ਗਾਰ ਨੇ ਸਾਡੇ ਸਮਾਜਿਕ ਜੀਵਨ 'ਤੇ ਮਾੜਾ ਅਸਰ ਕਿਵੇਂ ਪਾਇਆ ਹੈ ?

ਉੱਤਰ: ਕੌਮਾਂਤਰੀ ਕੰਪਨੀਆਂ ਦੇ ਕੰਮ-ਕਾਜ ਦਾ ਸਥਾਨ, ਸਮਾਂ ਤੇ ਮਿਹਨਤਾਨਾ ਸਹੂਲਤ ਤੇ ਰਿਵਾਜ ਨੂੰ ਮੁੱਖ ਰੱਖ ਕੇ ਤੈਅ ਕੀਤੇ ਜਾਂਦੇ ਹਨ। ਸਾਡੇ ਸਮਾਜਾਂ ਨੂੰ ਅਜਿਹੇ ਸਥਾਨਾਂ 'ਤੇ ਰੁਜ਼ਗਾਰ ਕਰਨ ਨਾਲ ਸਮਾਜਿਕ ਪੱਖ ਤੋਂ ਪਰਿਵਾਰਕ ਜ਼ਿੰਦਗੀ ਦਾ ਲਪਗਪ ਤਿਆਗ ਕਰਨਾ ਪਿਆ ਹੈ ਜਿਸ ਨਾਲ ਸਮਾਜਕ ਕਦਰਾਂ-ਕੀਮਤਾਂ ਦੀ ਕਮੀਂ ਨੇ ਕੌਮਾਂਤਰੀ ਕੰਪਨੀਆਂ ਵਿੱਚ ਰੁਜ਼ਗਾਰ ਕਰਨ ਵਾਲੇ ਭਾਰਤੀਆਂ ਨੂੰ ਜ਼ਿੰਦਗੀ ਦੇ ਸਮਾਜਿਕ ਪੱਖ ਤੋਂ ਪੂਰੀ ਤਰ੍ਹਾਂ ਹੀ ਪਰ੍ਹਾਂ ਧੱਕ ਦਿੱਤਾ ਹੈ। ਇਸ ਦੇ ਨੁਕਸਾਨ ਸਾਹਮਣੇ ਹਨ ਪਰ ਆਰਥਿਕ ਪੱਖ ਨੂੰ ਦਿੱਤੀ ਜਾਂਦੀ ਤਰਜੀਹ ਕਾਰਨ ਇਸ ਪਾਸੇ ਵੱਲ ਤਵੱਜੋਂ ਨਹੀਂ ਦਿੱਤੀ ਜਾਂਦੀ ਹੈ।

168. ਗਲੋਬਲਾਈਜੇਸ਼ਨ ਪ੍ਰਕਿਰਿਆ ਨੂੰ ਸੰਸਾਰ ਵਿੱਚ ਮਾਨਤਾ ਕਿਉਂ ਪ੍ਰਾਪਤ ਹੋਈ ਹੈ ?

ਉੱਤਰ: ਗਲੋਬਲਾਈਜੇਸ਼ਨ ਦੀ ਪ੍ਰਕਿਰਿਆ ਨੇ ਸਿੱਧੇ ਤੌਰ 'ਤੇ ਮਨੁੱਖੀ ਰੁਜ਼ਗਾਰ ਵਸੀਲਿਆਂ ਨਾਲ ਜੁੜੇ ਹੋਣ ਕਾਰਨ ਹੀ ਸੰਸਾਰ ਭਰ ਵਿੱਚ ਮਾਨਤਾ ਪ੍ਰਾਪਤ ਕੀਤੀ ਹੈ। ਇਸ ਪ੍ਰਕਿਰਿਆ ਅਧੀਨ ਸੰਚਾਰ ਪ੍ਰਕਿਰਿਆ ਦਾ ਅਦਭੁੱਤ ਵਿਕਾਸ ਹੋਇਆ ਹੈ ਜਿਸ ਕਾਰਨ ਗਲੋਬਲਾਈਜ਼ੇਸ਼ਨ ਦਾ ਇਹੀ ਪੱਖ ਲੋਕਾਂ ਵਿੱਚ ਸਭ ਤੋਂ ਵੱਧ ਮਕਬੂਲ (Popular) ਹੋ ਸਕਿਆ ਹੈ ਹਾਲਾਂਕਿ ਧਿਆਨ ਦੇਣ ਵਾਲਾ ਤੱਥ ਇਹ ਵੀ ਹੈ ਕਿ ਸੰਚਾਰ ਪ੍ਰਕਿਰਿਆਵਾਂ ਵਿੱਚੋਂ ਵੀ ਸਿਰਫ਼ ਸੂਚਨਾ ਤਕਨੀਕ ਦੇ ਪੱਖ ਦਾ ਵਿਕਾਸ ਹੋਇਆ ਹੈ, ਸੰਚਾਰ ਪ੍ਰਕਿਰਿਆ ਦਾ ਸੌਫਟਵੇਅਰ ਤਾਂ ਕਿਤੇ ਪਿੱਛੇ ਹੀ ਛੁੱਟ ਗਿਆ ਹੈ। ਸੂਚਨਾ ਤਕਨੀਕ ਦਾ ਵਿਕਾਸ ਹੀ ਗਲੋਬਲਾਈਜ਼ੇਸ਼ਨ ਦਾ ਹਮਨਾਮ ਬਣ ਗਿਆ।

## ਪ੍ਰਸ਼ਨ ਬੈਂਕ-XII ਸ਼੍ਰੇਣੀਂ-ਮੀਡੀਆ ਸਟੱਡੀਜ਼

169. ਗਲੋਬਲਾਈਜ਼ੇਸ਼ਨ, ਸੰਸਾਰੀਕਰਨ ਤੇ ਵਿਸ਼ਵੀਕਰਨ ਵਿੱਚ ਕੀ ਅੰਤਰ ਹੈ?

ਉੱਤਰ: ਗਲੋਬਲਾਈਜੇਸ਼ਨ ਦੀ ਪ੍ਰਕਿਰਿਆ ਦਾ ਮੂਲ ਮਨੋਰਥ ਧਰਤੀ ਉਤੇ ਵਸਦੇ ਆਰਥਿਕ ਕਿਰਿਆਵਾਂ ਵਿੱਚ ਹਿੱਸਾ ਲੈਣ ਵਾਲੇ ਸਾਧਨਾਂ ਤੇ ਕੰਮ-ਕਾਜੀ ਮਨੁੱਖਾਂ ਨੂੰ ਆਰਥਿਕ, ਸਮਾਜਿਕ, ਸਭਿਆਚਾਰਕ, ਮਨੋਵਿਗਿਆਨਕ ਤੇ ਕਾਫ਼ੀ ਹੱਦ ਤੱਕ ਭੂਗੋਲਿਕ ਪੱਖ ਤੋਂ ਵੀ ਅਮਰੀਕੀ ਜਾਂ ਪੱਛਮੀ ਸਿਰਮੌਰਤਾ ਦੇ ਅਧੀਨ ਲਿਆਉਣਾਂ ਹੈ ਜਦੋਂ ਕਿ ਵਿਸ਼ਵੀਕਰਨ ਤੇ ਸੰਸਾਰੀਕਰਨ ਦਾ ਪ੍ਰਮੁੱਖ ਪਹਿਲੂ ਧਰਤੀ ਉਤੇ ਵਸਦੀ ਹਰ ਜਾਨਦਾਰ ਸ਼ੈਅ ਨੂੰ ਉਸਦੇ ਕੁਦਰਤੀ ਵਾਤਾਵਰਨ ਵਿੱਚ ਭਰਪੂਰ ਤਰੀਕੇ ਨਾਲ ਪਨਪਣ ਵਿਗਸਣ ਤੇ ਸਥਾਪਤ ਹੋਣ ਦੀ ਅਜ਼ਾਰੇਦਾਰੀ ਦੇਣਾਂ ਹੈ।

170. ਨਿਊ ਮੀਡੀਆ ਕੀ ਹੈ ਤੇ ਇਹ ਮੀਡੀਆ ਸਟੱਡੀਜ਼ ਨਾਲ ਕਿਵੇਂ ਸਬੰਧਤ ਹੈ?

ਉੱਤਰ: ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤੋਂ ਅਰੰਭ ਹੋ ਕੇ ਦੌਰਾਨ ਜਨ ਸੰਚਾਰ ਮਾਧਿਅਮਾਂ ਦੇ ਖੇਤਰ ਵਿੱਚ ਜੋ ਵਿਆਪਕ ਤਬਦੀਲੀ ਆਈ ਹੈ, ਉਸ ਨੂੰ ਨਿਊ ਮੀਡੀਆ ਦਾ ਨਾਮ ਦਿੱਤਾ ਜਾਂਦਾ ਹੈ। ਸੰਚਾਰ ਸਬੰਧੀ ਇਹ ਨਵੀਂ ਪਹੁੰਚ ਕੁਝ ਇਸ ਕਿਸਮ ਦੀ ਹੈ ਕਿ ਇਹ ਫ਼ਿਲਮਾਂ, ਤਸਵੀਰਾਂ, ਸੰਗੀਤ, ਬੋਲੇ ਤੇ ਲਿਖੇ ਜਾਣ ਵਾਲੇ ਸ਼ਬਦਾਂ ਆਦਿ ਨੂੰ ਕੰਪਿਊਟਰ, ਸੂਚਨਾ ਤਕਨੀਕ ਅਧਾਰਤ ਯੰਤਰਾਂ ਤੇ ਇੰਟਰਨੈੱਟ ਜ਼ਰੀਏ ਅਜੋਕੇ ਮੰਚ ਪ੍ਰਦਾਨ ਕਰਵਾਉਂਦੀ ਹੈ। ਮੀਡੀਆ ਸਟੱਡੀਜ਼ ਉਹ ਵਿਸ਼ਾ ਹੈ ਜੋ ਸੰਚਾਰ ਦੇ ਖੇਤਰ ਵਿੱਚ ਲਗਾਤਾਰ ਤਬਦੀਲੀਆਂ ਹੋਣ ਦੀ ਪ੍ਰਕਿਰਿਆ ਦਾ ਨਿਰੰਤਰ ਅਧਿਐਨ ਕਰਦਾ ਹੈ।

171. ਫ਼ਿਲਮ ਰਿਵਿਊ ਲਿਖਣ ਦੇ ਮੁਢਲੇ ਤੱਤ ਕੀ ਹੋ ਸਕਦੇ ਹਨ? ਇੱਕ-ਇੱਕ ਸਤਰ ਵਿੱਚ ਜਾਣ ਪਛਾਣ ਕਰਾਓ।

ਉੱਤਰ: ਫ਼ਿਲਮ ਰਿਵਿਊ ਲਿਖਣ ਲਈ ਮੁੱਢਲੇ ਤੱਤ ਇਵੇਂ ਹੋ ਸਕਦੇ ਹਨ:-

01. ਸੋਚ ਤੇ ਖੋਜ ਕਾਰਜ ਜੋ ਕਿ ਫ਼ਿਲਮ ਵੇਖਣ ਤੋਂ ਵੀ ਪਹਿਲਾਂ ਫ਼ਿਲਮ ਬਾਰੇ ਕੀਤਾ ਜਾਂਦਾ ਹੈ।

02. ਫ਼ਿਲਮ ਵੇਖਣਾਂ ਤੇ ਉਸ ਵਿੱਚ ਬਰੀਕੀਆਂ ਅਤੇ ਨਵੀਨੀਪਣ ਦੇ ਨੁਕਤੇ ਨੋਟ ਕਰਨਾ।

03. ਲਿਖਤ ਅਰੰਭ ਤੋਂ ਹੀ ਅਜਿਹੀ ਹੋਣੀ ਚਾਹੀਦੀ ਹੈ ਕਿ ਪਾਠਕ ਨੂੰ ਖਿੱਚ ਲਵੇ।

04. ਫ਼ਿਲਮ ਦੇ ਖੋਜ ਅੰਸ਼ ਜੋ ਕਿ ਸਾਰੇ ਰਿਵਿਊ ਨੂੰ ਦਿਲਚਸਪ ਤੋਂ ਇਲਾਵਾ ਮੁਕੰਮਲ ਵੀ ਬਨਾਉਣਗੇ।

05. ਰਿਵਿਊ ਦਾ ਅਗਲਾ ਤੇ ਅੰਤਲਾ ਹਿੱਸਾ ਜਿਸ ਵਿੱਚ ਫ਼ਿਲਮ ਬਾਰੇ ਪੜਚੋਲ ਮੁਕੰਮਲ ਹੁੰਦੀ ਹੈ।

172. ਪੰਜਾਬੀ ਦੀਆਂ ਕੋਈ ਚਾਰ ਕੌਮੀ ਪੁਰਸਕਾਰ ਪ੍ਰਾਪਤ ਫ਼ਿਲਮਾਂ ਦੇ ਨਾਮ ਦੱਸੋ?

ਉੱਤਰ: ਚੰਨ ਪਰਦੇਸੀ (1980), ਮੜ੍ਹੀ ਦਾ ਦੀਵਾ (1989), ਦੇਸ ਹੋਇਆ ਪਰਦੇਸ (2004) ਤੇ ਨਾਬਰ (2012)

ਪ੍ਰਸ਼ਨ ਬੈਂਕ-XII ਸ਼੍ਰੇਣੀਂ-ਮੀਡੀਆ ਸਟੱਡੀਜ਼

173. ਪੰਜਾਬ ਦੇ ਇਤਿਹਾਸ ਵਿੱਚ, ਉਨੀਵੀਂ ਸਦੀ ਦੇ ਅੰਤ ਵਿੱਚ ਤੇ ਉਸ ਤੋਂ ਬਾਅਦ ਕਿਹੜੀਆਂ ਸੁਧਾਰਵਾਦੀ ਲਹਿਰਾਂ ਚੱਲੀਆਂ?

ਉੱਤਰ: ਮਿਸ਼ਨਰੀ ਲਹਿਰ, ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਆਰੀਆ ਸਮਾਜ ਲਹਿਰ, ਬ੍ਰਹਮੋ ਸਮਾਜ ਲਹਿਰ, ਸਿੰਘ ਸਭਾ ਲਹਿਰ, ਤਬਲੀਗੀ ਤੇ ਤਨਜ਼ੀਮੀ ਲਹਿਰਾਂ ਆਦਿ।

174. ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਬਾਰੇ ਚਾਰ ਕੁ ਸਤਰਾਂ ਵਿੱਚ ਜਾਣਕਾਰੀ ਦਿਓ।

ਉੱਤਰ: ਭਗਤ ਸਿੰਘ ਦੇ ਚਾਚਾ ਸ੍ਰ ਅਜੀਤ ਸਿੰਘ ਵੱਡੇ ਅਜ਼ਾਦੀ ਘੁਲਾਟੀਏ ਸਨ। ਉਹ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕਿਰਤੀਆਂ ਦੀ 'ਪਗੜੀ ਸੰਭਾਲ ਲਹਿਰ' ਦੇ ਬਾਨੀਆਂ ਵਿੱਚੋਂ ਸਨ, ਜੋ ਬਰਤਾਨਵੀਂ ਸਰਕਾਰ ਦੇ ਕਿਰਤੀਆਂ ਪ੍ਰਤੀ ਰੁਖ ਦਾ ਵਿਰੋਧ ਕਰਦੀ ਸੀ। ਚਾਚਾ ਸ੍ਰ ਅਜੀਤ ਸਿੰਘ ਨੂੰ ਸਿਆਸੀ ਕਾਰਵਾਈਆਂ ਬਦਲੇ ਅੰਗਰੇਜ਼ਾਂ ਨੇ ਦੇਸ਼ ਨਿਕਾਲਾ ਦੇ ਦਿੱਤਾ ਜੋ ਕਿ ਭਾਰਤ ਵਿੱਚ ਸੰਨ 1938 ਤੋਂ ਬਾਅਦ ਬਣਦੀਆਂ ਕਾਂਗਰਸ ਪਾਰਟੀ ਦੀ ਸ਼ਮੂਲੀਅਤ ਵਾਲੀਆਂ ਬਰਤਾਨਵੀਂ ਭਾਰਤੀ ਸਰਕਾਰਾਂ ਨੇ ਵੀ ਵਾਪਸ ਨਾ ਲਿਆ। ਸ੍ਰ ਅਜੀਤ ਸਿੰਘ 15 ਅਗਸਤ, 1947 ਨੂੰ ਡਲਹੌਜ਼ੀ ਵਿਖੇ ਆਪਣੀ ਛੁਪਣਗਾਹ ਵਿੱਚ ਹੀ ਪ੍ਰਲੋਕ ਸਿਧਾਰ ਗਏ ਸਨ।

175. ਪੰਜਾਬੀ ਦੀਆਂ ਪਲੇਠੀਆਂ ਧਾਰਮਿਕ ਫ਼ਿਲਮਾਂ ਕਿਹੜੀਆਂ ਸਨ ਜਿਨ੍ਹਾਂ ਵਿੱਚ ਰਾਗੀ ਜੱਥਿਆਂ ਦੇ ਸ਼ਬਦ ਵੀ ਪੇਸ਼ ਕੀਤੇ ਗਏ ਸਨ ?

ਉੱਤਰ: ਪੰਜਾਬੀ ਵਿੱਚ, ਸੰਨ 1969 ਵਿੱਚ ਬਣੀ ਫ਼ਿਲਮ 'ਨਾਨਕ ਨਾਮ ਜਹਾਜ਼' ਧਾਰਮਿਕ ਬਿਰਤੀ ਦੀ ਪ੍ਰਥਮ ਫ਼ਿਲਮ ਕਿਹਾ ਜਾਂਦਾ ਹੈ। ਇਹ ਸ੍ਰੀ ਗੁਰੂ ਨਾਨਕ ਸਾਹਿਬ ਦੇ 500 ਸਾਲਾ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਸੀ। ਸ਼੍ਰੋਮਣੀ ਰਾਗੀ ਭਾਈ ਸਮੁੰਦ ਸਿੰਘ ਦੇ ਗਾਏ, ਗੁਰਬਾਣੀ ਦੇ ਸ਼ਬਦ ਇਸ ਫ਼ਿਲਮ ਦਾ ਹਿੱਸਾ ਸਨ। ਮਗਰੋਂ ਸੰਨ 1971 ਵਿੱਚ ਬਣੀ ਫ਼ਿਲਮ 'ਨਾਨਕ ਦੁਖੀਆ ਸਭ ਸੰਸਾਰ' ਵਿੱਚ ਰਾਗੀ ਅਵਤਾਰ ਸਿੰਘ ਜੀ ਤੇ ਰਾਗੀ ਅਮੀਰ ਸਿੰਘ ਜੀ ਦਾ ਸ਼ਬਦ ਕੀਰਤਨ ਵੀ ਫ਼ਿਲਮਾਇਆ ਗਿਆ ਸੀ।

176. ਪੰਜਾਬੀ ਦੀ ਕਿਹੜੀ ਫ਼ਿਲਮ ਪ੍ਰਥਮ ਗੋਲਡਨ ਜੁਬਲੀ ਫ਼ਿਲਮ ਸੀ? ਜਾਣ-ਪਛਾਣ ਕਰਵਾਓ।

ਉੱਤਰ: ਸੰਨ 1942 ਵਿੱਚ ਪ੍ਰਭਾਤ ਟਾਈਮਜ਼ ਲਾਹੌਰ ਵਿੱਚ ਰਿਲੀਜ਼ ਹੋਈ ਫ਼ਿਲਮ 'ਮੰਗਤੀ' ਪਹਿਲੀ ਗੋਲਡਨ ਜੁਬਲੀ ਫ਼ਿਲਮ ਸੀ। ਇਸ ਫ਼ਿਲਮ ਦੇ ਸਾਰੇ ਹੀ ਗੀਤ ਅਸਲ ਵਿੱਚ ਨੰਦ ਲਾਲ ਨੂਰਪੁਰੀ ਦੀਆਂ ਕਵਿਤਾਵਾਂ ਸਨ।

## ਪ੍ਰਸ਼ਨ ਬੈਂਕ-XII ਸ਼੍ਰੇਣੀਂ-ਮੀਡੀਆ ਸਟੱਡੀਜ਼

177. ਲਤਾ ਮੰਗੇਸ਼ਕਰ ਤੇ ਆਸ਼ਾ ਭੋਂਸਲੇ ਨੇ ਪੰਜਾਬੀ ਫ਼ਿਲਮਾਂ ਵਿੱਚ ਕੀ ਸ਼ੁਰੂਆਤੀ ਯੋਗਦਾਨ ਦਿੱਤਾ ਸੀ?

ਉੱਤਰ: ਸੰਨ 1946 ਵਿੱਚ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਕਮਲੀ' ਵਿੱਚ ਆਸ਼ਾ ਭੋਂਸਲੇ ਨੇ ਅਦਾਕਾਰਾ ਵਜੋਂ ਪਹਿਲੀ ਵਾਰ ਰੋਲ ਨਿਭਾਇਆ ਸੀ। ਸੰਨ 1948 ਵਿੱਚ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਚਮਨ' ਵਿੱਚ ਲਤਾ ਮੰਗੇਸ਼ਕਰ ਨੇ ਪਹਿਲੀ ਵਾਰ ਪੰਜਾਬੀ ਫ਼ਿਲਮ ਲਈ ਗੀਤ ਗਾਏ ਸਨ ਜਦੋਂ ਕਿ ਸੰਨ 1950 ਵਿੱਚ ਪੰਜਾਬੀ ਫ਼ਿਲਮ 'ਮਦਾਰੀ' ਲਈ ਗਾਏ ਗੀਤਾਂ ਕਾਰਨ ਲਤਾ ਮੰਗੇਸ਼ਕਰ ਦੀ ਗਾਇਕਾ ਵਜੋਂ ਗੁੱਡੀ ਚੜ੍ਹੀ ਸੀ।

178. ਫ਼ਿਲਮ ਜਗਤ ਦੇ ਅਜਿਹੇ ਗਾਇਕਾਂ ਤੇ ਗਾਇਕਾਵਾਂ ਦੇ ਨਾਮ ਲਿਖੋ ਜਿਨ੍ਹਾਂ ਨੇ ਆਪਣਾ ਸਫ਼ਰ ਪੰਜਾਬੀ ਫ਼ਿਲਮਾਂ ਤੋਂ ਅਰੰਭਿਆ ਸੀ।

ਉੱਤਰ: ਜਗਜੀਤ ਕੌਰ, ਪੁਸ਼ਪਾ ਹੰਸ, ਸੁਮਨ ਕਲਿਆਣਪੁਰ, ਮੁਬਾਰਕ ਬੇਗਮ, ਜੀ.ਐੱਮ ਦੁਰਾਨੀ, ਤਲਤ ਮਹਿਮੂਦ, ਐੱਸ ਬਲਬੀਰ, ਮਹਿੰਦਰ ਕਪੂਰ, ਮੁਹੰਮਦ ਰਫ਼ੀ ਤੇ ਸੁਲਕਸ਼ਨਾ ਪੰਡਿਤ ਆਦਿ।

179. ਅਜਿਹੇ 06 ਅਦਾਕਾਰਾਂ ਦੇ ਨਾਮ ਲਿਖੋ ਜਿਨ੍ਹਾਂ ਆਪਣਾ ਫ਼ਿਲਮੀ ਸਫ਼ਰ ਪੰਜਾਬੀ ਫ਼ਿਲਮਾਂ ਤੋਂ ਅਰੰਭਿਆ।

ਉੱਤਰ: ਪ੍ਰਾਣ, ਕਮਲ ਕਪੂਰ, ਅਚਲਾ ਸਚਦੇਵ, ਸੁਧਾ ਮਲਹੋਤਰਾ, ਪ੍ਰੇਮ ਨਾਥ, ਪ੍ਰੇਮ ਚੋਪੜਾ।

180. ਸਮਾਜਿਕ ਵਿਸ਼ਿਆਂ ਉਤੇ ਬਣਾਈਆਂ ਗਈਆਂ ਕੋਈ 06 ਸ਼ੁਰੂਆਤੀ ਪੰਜਾਬੀ ਫ਼ਿਲਮਾਂ ਦੇ ਨਾਮ ਲਿਖੋ।

ਉੱਤਰ: ਮੰਗਤੀ, ਗਵਾਂਢੀ, ਕੁੜਮਾਈ, ਲੱਛੀ, ਜੁਗਨੀ, ਪੋਸਤੀ।

181. ਅਖ਼ਬਾਰ 'ਪਟਿਆਲਾ ਗਜ਼ਟ' ਨਾਲ ਜਾਣ-ਪਛਾਣ ਕਰਵਾਓ।

ਉੱਤਰ: ਅਖ਼ਬਾਰ 'ਪਟਿਆਲਾ ਗਜ਼ਟ' ਪਟਿਆਲਾ ਦੀ ਰਿਆਸਤੀ ਸਰਕਾਰ ਨੇ 29 ਮਈ, 1901 ਨੂੰ ਅਰੰਭਿਆ ਸੀ ਜੋ ਕਿ ਰਿਆਸਤ ਵੱਲੋਂ ਗੁਰਮੁਖੀ ਅੱਖਰਾਂ ਵਿੱਚ ਅਰੰਭਿਆ ਪੰਜਾਬੀ ਬੋਲੀ ਦਾ ਪ੍ਰਥਮ ਸਮਾਚਾਰ ਪੱਤਰ ਸੀ। ਜਦੋਂ ਇਸ ਵਿੱਚ ਸਰਕਾਰੀ ਇਸ਼ਤਿਹਾਰ ਤੇ ਐਲਾਨ ਅੰਗਰੇਜ਼ੀ ਵਿੱਚ ਵੀ ਛਪਣ ਲੱਗ ਪਏ ਤਾਂ ਇਸ ਦਾ ਨਾਮ ਬਦਲ ਕੇ 'ਪਟਿਆਲਾ ਗਵਰਨਮੈਂਟ ਗਜ਼ਟ' ਰੱਖ ਦਿੱਤਾ ਗਿਆ। ਇਸਦੇ ਪਹਿਲੇ ਸੰਪਾਦਕ ਸ੍ਰ. ਗਹਿਲ ਸਿੰਘ ਸਨ।

182. ਪੰਜਾਬੀ ਦਾ ਪਹਿਲਾ ਰੋਜ਼ਾਨਾ ਅਖ਼ਬਾਰ ਕਿਹੜਾ ਸੀ ? ਜਾਣ-ਪਛਾਣ ਕਰਵਾਓ।

ਉੱਤਰ: ਪੰਜਾਬੀ ਦਾ ਪਹਿਲਾ ਰੋਜ਼ਾਨਾ ਅਖ਼ਬਾਰ 'ਸ਼ਹੀਦ' ਸੀ ਜੋ ਆਪਣੇ ਵੇਲੇ ਦੇ ਪ੍ਰਸਿੱਧ ਲਿਖਾਰੀ ਐੱਸ. ਐੱਸ. ਚਰਨ ਸਿੰਘ 'ਸ਼ਹੀਦ' ਨੇ 04 ਦਸੰਬਰ, 1914 ਨੂੰ ਅੰਮ੍ਰਿਤਸਰ ਤੋਂ ਅਰੰਭ ਕੀਤਾ ਸੀ। ਇਸ ਅਖ਼ਬਾਰ ਦੇ ਸੰਪਾਦਕ ਦਾ ਮੁੱਖ ਮੰਤਵ ਚੰਗਾ ਸਾਹਿਤ ਪੈਦਾ ਕਰਨਾ ਤੇ ਸਿੱਖ ਧਰਮ ਨੂੰ ਪ੍ਰਚਾਰਨਾ ਸੀ । ਉਸ ਵੇਲ਼ੇ ਜਾਰੀ ਧਾਰਮਿਕ ਬਹਿਸਾਂ ਦਾ ਉੱਤਰ ਦੇਣ ਵਿੱਚ ਗਿਆਨੀ ਦਿੱਤ ਸਿੰਘ ਜੀ ਤੋਂ ਬਾਅਦ ਦੂਸਰਾ ਨੰਬਰ ਐੱਸ.ਐੱਸ. ਚਰਨ ਸਿੰਘ ਦਾ ਹੀ ਸੀ। ਉਨ੍ਹਾਂ ਦੇ ਲਿਖੇ ਲੇਖ ਬਹੁਤ ਸੁਆਦਲੇ ਤੇ ਹਰਮਨ ਪਿਆਰੇ ਹੁੰਦੇ ਸਨ।

183. ਅਖ਼ਬਾਰ 'ਬੀਰ' ਤਿੰਨ ਵਾਰ ਅਰੰਭ ਹੋਇਆ? ਇਸ ਬਾਰੇ ਚਾਨਣਾ ਪਾਓ।

ਉੱਤਰ: ਅਖ਼ਬਾਰ 'ਬੀਰ' ਸੰਨ 1909 ਵਿੱਚ ਐੱਸ.ਐੱਸ. ਚਰਨ ਸਿੰਘ ਜੀ ਦੇ ਯਤਨਾਂ ਨਾਲ ਅੰਮ੍ਰਿਤਸਰ ਤੋਂ ਹਫ਼ਤਾਵਾਰੀ ਵਜੋਂ ਅਰੰਭ ਹੋਇਆ ਜੇ 1910 ਵਿੱਚ ਪੰਦਰਾਂ ਰੋਜ਼ਾ ਤੇ 1911 ਵਿੱਚ ਮਹੀਨੇ ਵਿੱਚ ਤਿੰਨ ਤੇ 1912 ਵਿੱਚ ਫਿਰ ਹਫ਼ਤਾਵਰੀ ਹੋ ਗਿਆ। ਸੰਨ 1913-14 ਵਿੱਚ ਇਹ ਰੋਜ਼ਾਨਾ ਹੋਇਆ ਤੇ ਫਿਰ ਇੱਕ ਦਿਨ ਦੋ ਵਾਰ ਵੀ ਛਪਿਆ ਪਰ 1914 ਵਿੱਚ ਬਾਕਾਇਦਾ ਹਫ਼ਤਾਵਰੀ ਹੋ ਗਿਆ। ਉਸੇ ਸਾਲ ਕਾਮਾ ਗਾਟਾ ਮਾਰੂ ਦੇ ਹੱਕ ਵਿੱਚ ਲੇਖ ਲਿਖਣ ਬਦਲੇ ਜੁਰਮਾਨਾ ਲੱਗਣ 'ਤੇ ਬੰਦ ਹੋ ਗਿਆ। ਮਗਰੋਂ ਐੱਸ.ਐੱਸ. ਚਰਨ ਸਿੰਘ ਅਖ਼ਬਾਰ ਛੱਡ ਗਏ। ਸੰਨ 1919 ਵਿੱਚ ਮਤਾਬ ਸਿੰਘ 'ਬੀਰ' ਨੇ ਇਹ ਪੱਤਰ ਮੁੜ ਜਾਰੀ ਕੀਤਾ ਪਰ ਉਸੇ ਸਾਲ ਗਰਮਾ-ਗਰਮ ਲੇਖ ਲਿਖਣ ਬਦਲੇ ਲੱਗੇ ਜੁਰਮਾਨੇ ਕਾਰਨ ਫਿਰ ਬੰਦ ਹੋ ਗਿਆ। ਇਸ ਤੋਂ ਲਗਪਗ 28 ਸਾਲ ਬਾਅਦ 1947 ਵਿੱਚ ਭਾਈ ਮਤਾਬ ਸਿੰਘ ਨੇ ਇਸ ਨੂੰ ਫਿਰ ਛਾਪਣਾ ਅਰੰਭਿਆ ਤੇ ਮਗਰੋਂ ਉਨ੍ਹਾਂ ਦੇ ਪੁੱਤਰ ਗੁਰਚਰਨ ਸਿੰਘ 'ਸਾਖੀ' ਬੀ.ਏ. ਨੇ ਵੀ ਇਸ ਨੂੰ ਜਾਰੀ ਰੱਖਿਆ। ਇਹ ਅਖ਼ਬਾਰ ਨਰਿੰਦਰ ਪ੍ਰੈੱਸ ਨਾਮੀ ਛਾਪੇਖਾਨੇ ਤੋਂ ਛੱਪਦੀ ਸੀ।

184. ਭਾਰਤ (ਹਿੰਦੁਸਤਾਨ) ਤੋਂ ਬਾਹਰੋਂ ਛਪਣ ਵਾਲਾ ਪ੍ਰਥਮ ਪੰਜਾਬੀ ਅਖ਼ਬਾਰ ਕਿਹੜਾ ਸੀ? ਜਾਣ ਪਛਾਣ ਕਰਵਾਓ।

ਉੱਤਰ: ਸੰਨ 1913 ਵਿੱਚ ਅਮਰੀਕਾ ਵਿੱਚ ਗਦਰ ਪਾਰਟੀ ਦੀ ਕਾਇਮੀ ਤੋਂ ਬਾਅਦ ਇਸ ਪਾਰਟੀ ਨੇ ਸਾਂ ਫਰਾਂਸਿਸਕੋ (ਕੈਲੀਫੋਰਨੀਆਂ) ਤੋਂ ਲਾਲਾ ਹਰਦਿਆਲ ਐਮ.ਏ., ਮੌਲਵੀ ਬਰਕਤੁੱਲਾ ਤੇ ਗਿਆਨੀ ਭਗਵਾਨ ਸਿੰਘ 'ਪ੍ਰੀਤਮ' ਦੇ ਯਤਨਾਂ ਨਾਲ 'ਹਿੰਦੁਸਤਾਨ ਗ਼ਦਰ' ਨਾਮ ਦਾ ਅਖ਼ਬਾਰ ਅਰੰਭਿਆ ਜੋ ਲਗਾਤਾਰ 1949 ਤੱਕ ਛੱਪਦਾ ਰਿਹਾ। ਪਹਿਲੀ ਸੰਸਾਰ ਜੰਗ ਵੇਲੇ ਇਹ ਅਖ਼ਬਾਰ 08 ਜ਼ੁਬਾਨਾਂ ਵਿੱਚ ਤਰਜਮਾਂ ਹੋ ਕੇ ਛੱਪਦਾ ਸੀ। ਇਸ ਪੱਤਰ ਦੇ ਸੰਪਾਦਕ ਲਾਲਾ ਹਰਦਿਆਲ ਤੇ ਭਗਵਾਨ ਸਿੰਘ 'ਪ੍ਰੀਤਮ' ਤੋਂ ਇਲਾਵਾ ਪੰਡਤ ਰਾਮ ਚੰਦਰ, ਭਾਈ ਪੂਰਨ ਸਿੰਘ ਤੇ ਜੀ.ਬੀ.ਲਾਲ ਵੀ ਰਹੇ। 'ਹਿੰਦੁਸਤਾਨ ਗ਼ਦਰ' ਜਦੋਂ 01 ਅਕਤੂਬਰ 1949 ਨੂੰ ਬੰਦ ਹੋਇਆ ਤਾਂ ਉਸ ਵੇਲੇ ਦੇ ਸੰਪਾਦਕ ਗਿਆਨੀ ਭਗਵਾਨ ਸਿੰਘ 'ਪ੍ਰੀਤਮ' ਦੀ ਸੰਪਾਦਨਾ ਹੇਠ ਮਾਸਿਕ ਪੱਤਰ 'ਨਵਾਂ ਜੁਗ' ਲਾਸ ਏਂਜਲਿਸ (ਕੈਲੀਫੋਰਨੀਆਂ) ਤੋਂ ਅਰੰਭ ਹੋਇਆ ਸੀ ਜੋ ਥੋੜ੍ਹੀ ਦੇਰ ਹੀ ਚੱਲਿਆ।

185. 'ਗੁਰਦੁਆਰਾ ਗਜ਼ਟ' ਕੀ ਹੈ? ਇਸ ਦੇ ਸੰਪਾਦਕ ਕੌਣ-ਕੌਣ ਰਹੇ ਹਨ ?

ਉੱਤਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਇਹ ਪੱਤਰ ਮਾਰਚ, 1928 ਵਿੱਚ ਜਾਰੀ ਕੀਤਾ ਗਿਆ ਸੀ। ਇਸ ਕਮੇਟੀ ਦੇ ਜ਼ਰੂਰੀ ਐਲਾਨਨਾਮੇ, ਮਤੇ, ਕਾਰਵਾਈਆਂ, ਆਮਦਨ-ਖੁਰਦ ਦੇ ਚਿੱਠੇ ਤੇ ਧਾਰਮਿਕ ਲੇਖ ਛਪਦੇ ਹਨ। ਅਗਸਤ, 1947 ਵਿੱਚ ਫ਼ਸਾਦਾਂ ਕਾਰਨ ਇਹ ਕੁਝ ਚਿਰ ਬੰਦ ਰਿਹਾ ਪਰ ਮੁੜ ਅਗਸਤ 1948 ਤੋਂ ਹੁਣ ਤੱਕ ਲਗਾਤਾਰ ਜਾਰੀ ਹੈ। ਇਸ ਦੇ ਸੰਪਾਦਕ ਸਰਦਾਰ ਜੈਮਲ ਸਿੰਘ, ਸਰਦਾਰ ਰਵੇਲ ਸਿੰਘ, ਸਰਦਾਰ ਮੁਬਾਰਕ ਸਿੰਘ, ਗਿਆਨੀ ਸ਼ਾਦੀ ਸਿੰਘ, ਸਰਦਾਰ ਪਿਆਰਾ ਸਿੰਘ 'ਪਦਮ' ਤੇ ਸਰਦਾਰ ਸੇਵਕ ਸਿੰਘ ਆਦਿ ਰਹੇ ਹਨ।

## ਪ੍ਰਸ਼ਨ ਬੈਂਕ-XII ਸ਼੍ਰੇਣੀਂ-ਮੀਡੀਆ ਸਟੱਡੀਜ਼

186. 'ਪੰਜਾਬੀ ਦੁਨੀਆਂ' ਕਿਹੋ ਜਿਹਾ ਪੱਤਰ ਹੈ? ਜਾਣ-ਪਛਾਣ ਕਰਵਾਓ।

ਉੱਤਰ: ਪੰਜਾਬੀ ਬੋਲੀ ਤੇ ਸਾਹਿਤ ਦੇ ਵਾਧੇ ਹਿੱਤ ਮਾਰਚ, 1950 ਵਿੱਚ ਪਟਿਆਲੇ ਦੀ ਪੈਪਸੂ (ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ- PEPSU) ਸਰਕਾਰ ਦੇ ਪੰਜਾਬੀ ਵਿਭਾਗ ਨੇ ਇਹ ਮਾਸਕ ਪੱਤਰ ਅਰੰਭਿਆ ਸੀ। ਇਸਦੇ ਪ੍ਰਥਮ ਸੰਪਾਦਕ ਗਿਆਨੀ ਲਾਲ ਸਿੰਘ, ਸਹਾਇਕ ਡਾਇਰੈਕਟਰ, ਮਹਿਕਮਾ ਪੰਜਾਬੀ ਤੇ ਉਪ ਸੰਪਾਦਕ ਸਰਦਾਰ ਪਿਆਰਾ ਸਿੰਘ 'ਪਦਮ' ਸਨ। ਮਗਰੋਂ ਡਾ. ਜੀਤ ਸਿੰਘ ਸੀਤਲ, ਸ੍ਰ ਦਲੀਪ ਸਿੰਘ, ਸਰਦਾਰ ਕਪੂਰ ਸਿੰਘ ਘੁੰਮਣ, ਸਰਦਾਰ ਰਜਿੰਦਰ ਸਿੰਘ ਭਸੀਨ ਆਦਿ ਵੀ ਇਸ ਦੇ ਸੰਪਾਦਕ ਰਹੇ। ਇਹ ਪੱਤਰ ਵਿਸ਼ੇਸ਼ ਸਾਹਿਤਕ ਅੰਕਾਂ ਦੀ ਇੱਕ ਅੱਡਰੀ ਪਰੰਪਰਾ ਕਾਇਮ ਰੱਖਦਾ ਹੋਇਆ ਨਵੀਆਂ ਲੀਹਾਂ 'ਤੇ ਲਗਾਤਾਰ ਜਾਰੀ ਹੈ। ਹੁਣ ਇਸਦਾ ਕਰਤਾ ਧਰਤਾ ਭਾਸ਼ਾ ਵਿਭਾਗ, ਪੰਜਾਬ ਦਾ ਮੁੱਖ ਦਫ਼ਤਰ ਹੈ ਜੋ ਪਟਿਆਲੇ ਸਥਿਤ ਹੈ।

187. ਰੋਜ਼ਾਨਾ ਅਖ਼ਬਾਰ 'ਆਜ ਕੀ ਬਾਤ' ਕੀ ਸੀ? ਜਾਣ -ਪਛਾਣ ਕਰਵਾਓ ?

ਉੱਤਰ: ਹਿੰਦ-ਪਾਕਿ ਵੰਡ ਦੇ ਸਮੇਂ 29 ਅਗਸਤ, 1947 ਨੂੰ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਣ ਵਾਲੇ ਇਸ ਰੋਜ਼ਾਨਾ 'ਆਜ ਕੀ ਬਾਤ' ਵਿੱਚ ਪੱਛਮੀਂ-ਪੰਜਾਬ ਤੋਂ ਉੱਜੜ ਕੇ ਆਏ ਲੋਕਾਂ ਦੀਆਂ ਖ਼ਬਰਾ ਛਪਦੀਆਂ ਸਨ। ਪੰਜਾਬੀ, ਉਰਦੂ ਤੇ ਹਿੰਦੀ ਵਿੱਚ ਪ੍ਰਕਾਸ਼ਤ ਹੁੰਦੀ ਇਸ ਪੱਤਰ ਨੂੰ ਅੰਮ੍ਰਿਤਸਰ ਦੀ ਸ਼ਰਨਾਰਥੀ-ਸੇਵਾ ਕਮੇਟੀ ਮੁਫ਼ਤ ਵੰਡਦੀ ਸੀ। ਇਸ ਦੇ ਮੁੱਖ ਸੰਪਾਦਕ ਸ਼੍ਰੀ ਓਮ ਪ੍ਰਕਾਸ਼ ਤੇ ਉਪ ਸੰਪਾਦਕ ਕਾਕਾ ਮਹਿੰਦਰ ਸਿੰਘ ਨੁਸ਼ਹਿਰਾ ਤੇ ਸ੍ਰ ਗੁਰਦੀਪ ਸਿੰਘ ਵਡਾਲਾ ਸਨ। ਸਰਦਾਰ ਪਿਆਰਾ ਸਿੰਘ 'ਪਦਮ' ਵੀ ਕੁਝ ਚਿਰ ਇਸਦੇ ਸੰਪਾਦਕ ਰਹੇ। ਇਹ ਪਰਚਾ ਬਹੁਤ ਮਕਬੂਲ ਹੋਇਆ ਪਰ ਸੰਨ 1947 ਦੇ ਅੰਤ ਤੱਕ ਭਾਵ ਕੁਝ ਮਹੀਨੇ ਹੀ ਚੱਲ ਸਕਿਆ।

188. ਪੰਜਾਬੀ ਵਿੱਚ ਮੁਢਲੇ ਫ਼ਿਲਮੀਂ ਪਰਚੇ ਕਿਹੜੇ ਸਨ? ਜਾਣ-ਪਛਾਣ ਕਰਵਾਓ।

ਉੱਤਰ: ਫ਼ਿਲਮੀ-ਦੁਨੀਆਂ ਬਾਰੇ ਪਹਿਲਾ ਸੁਚਿੱਤਰਤ ਪਰਚਾ ਹਰ ਤਿੰਨ ਮਹੀਨੇ ਬਾਅਦ ਅੰਮ੍ਰਿਤਸਰੋਂ ਛਪਣ ਵਾਲਾ ਰਸਾਲਾ 'ਫ਼ਿਲਮੀ ਸੰਚਾਰ' ਸੀ ਜੋ ਅਗਸਤ 1952 ਤੋਂ ਸ਼੍ਰੀ ਜੀ.ਸੀ. ਸਾਕੀ ਦੀ ਸੰਪਾਦਨਾ ਤੇ ਦੋ-ਮੈਂਬਰੀ ਸਲਾਹਕਾਰ ਬੋਰਡ ਜਿਸ ਵਿੱਚ ਸ੍ਰ ਜਗਜੀਤ ਸਿੰਘ ਪਰਦੀਪ ਤੇ ਸ੍ਰ ਗੁਰਦਿਆਲ ਸਿੰਘ ਸਹੋਤਾ ਸ਼ਾਮਲ ਸਨ, ਦੀ ਦੇਖ-ਰੇਖ ਵਿੱਚ ਅਰੰਭ ਹੋਇਆ ਸੀ। ਇਸ ਵਿੱਚ ਇਕਾਂਗੀ, ਨਾਟਕ, ਕਹਾਣੀਆਂ, ਫ਼ਿਲਮੀ ਗੀਤ, ਫ਼ਿਲਮੀ ਖ਼ਬਰਾਂ, ਅਦਾਕਾਰਾਂ ਅਤੇ ਹੋਰ ਕਲਾਕਾਰਾਂ ਦੇ ਜੀਵਨ ਸਬੰਧੀ ਲੇਖ ਛਪਦੇ ਸਨ। ਇਹ ਰਸਾਲਾ 60 ਸਫ਼ਿਆਂ ਦਾ ਹੁੰਦਾ ਸੀ ਅਤੇ ਲਗਪਗ ਇੱਕ ਦਹਾਕੇ ਤੱਕ ਛਪਦਾ ਰਿਹਾ।

ਫ਼ਿਲਮੀ ਦੁਨੀਆਂ ਬਾਰੇ ਇੱਕ ਹੋਰ ਤਿੰਨ ਮਾਸਕ ਰਸਾਲਾ 'ਫ਼ਿਲਮੀ ਬਹਾਰ' ਜਨਵਰੀ 1953, ਤੋਂ ਸ੍ਰ ਤਰਲੋਕ ਸਿੰਘ ਗਿਆਨੀ ਦੀ ਸੰਪਾਦਨਾ ਦੀ ਹੇਠ ਛੇਹਰਟਾ ਅੰਮ੍ਰਿਤਸਰ ਤੋਂ ਅਰੰਭ ਹੋਇਆ। ਇਸ ਦਾ ਸਲਾਹਕਾਰ ਬੋਰਡ 06 ਮੈਂਬਰੀ ਸੀ, ਜਿਸ ਦੇ ਮੁਖੀ ਪੰਜਾਬੀ ਨਾਟਕਕਾਰ ਗੁਰਦਿਆਲ ਸਿੰਘ ਜੀ ਫੁੱਲ ਸਨ। ਸ੍ਰ ਤਰਲੋਕ ਸਿੰਘ ਆਪ ਫ਼ਿਲਮੀ ਦੁਨੀਆਂ ਅਤੇ ਸਬੰਧਤ ਕਲਾਵਾਂ ਨਾਲ ਚੰਗਾ ਰਸੂਖ਼ ਰੱਖਦੇ ਸਨ। ਇਸ ਰਸਾਲੇ ਦੀ ਛਪਣ ਸਮੱਗਰੀ ਪਹਿਲੇ ਰਸਾਲੇ ਜਿਹੀ ਹੀ ਸੀ ਪਰ ਝੁਕਾਅ ਫ਼ਿਲਮੀ ਸਮੱਗਰੀ ਵੱਲ ਵਧੇਰੇ ਸੀ। ਇਹ ਰਸਾਲਾ ਲਗਪਗ ਡੇਢ ਦਹਾਕਾ ਪ੍ਰਕਾਸ਼ਤ ਹੋ ਕੇ ਬੰਦ ਹੋ ਗਿਆ। ਹਾਲਾਂਕਿ 1960 ਵਿਆਂ ਵਿੱਚ ਇਹ ਮਾਸਕ ਵੀ ਹੋ ਗਿਆ ਸੀ।

189. ਜਨਰਲ ਮੋਹਣ ਸਿੰਘ (ਆਜ਼ਾਦ ਹਿੰਦ ਫ਼ੌਜ) ਜੀ ਵੱਲੋਂ ਅਰੰਭੇ ਗਏ ਹਫ਼ਤਾਵਾਰੀ ਪਰਚੇ ਬਾਰੇ ਜਾਣ ਪਛਾਣ ਕਰਵਾਓ।

ਉੱਤਰ: ਆਜ਼ਾਦ ਹਿੰਦ ਫ਼ੌਜ ਦੇ ਮੁਖੀ ਰਹੇ ਜਨਰਲ ਸ੍ਰ ਮੋਹਣ ਸਿੰਘ ਜੀ ਨੇ ਸੰਨ 1948 ਵਿੱਚ ਲੁਧਿਆਣੇ ਤੋਂ ਇੱਕ ਸਪਤਾਹਕ ਅਖ਼ਬਾਰ 'ਪੰਜਾਬੀ ਪੱਤ੍ਰਿਕਾ' ਅਰੰਭਿਆ ਸੀ।ਇਸ ਦੇ ਸੰਪਾਦਕ ਸ੍ਰ ਸੂਬਾ ਸਿੰਘ ਐਮ.ਏ. ਸਨ ਜੋ ਕੁਝ ਚਿਰ ਅਖ਼ਬਾਰ 'ਹਾਂਗ-ਕਾਂਗ' ਨਿਊਜ਼ ਵਿੱਚ ਵੀ ਕੰਮ ਕਰਦੇ ਰਹੇ ਸਨ। ਸਾਢੇ ਤਿੰਨ ਕੁ ਸਾਲ ਚੱਲੇ ਇਸ ਪੱਤਰ ਵਿੱਚ ਜਨਰਲ ਮੋਹਣ ਸਿੰਘ ਤੋਂ ਇਲਾਵਾ ਕਰਨਲ ਗੁਰਬਖ਼ਸ਼ ਸਿੰਘ ਢਿੱਲੋਂ ਅਤੇ ਬਰਲਿਨ ਅਕੈਡਮੀ ਸਪੈਸ਼ਲਿਸਟ ਕਪਤਾਨ ਨਾਹਰ ਸਿੰਘ ਵੀ ਕਾਲਮ ਲਿਖਦੇ ਸਨ। ਇਸ ਅਖ਼ਬਾਰ ਦੇ ਸੰਪਾਦਕ ਡਾ. ਗੁਰਨਾਮ ਸਿੰਘ ਧੀਰ ਅਤੇ ਉਨ੍ਹਾਂ ਦੇ ਭਰਾਤਾ ਭਾਈ ਸ਼ਮਸ਼ੇਰ ਸਿੰਘ 'ਸਰੋਜ' ਵੀ ਰਹੇ।

190. ਪ੍ਰਥਮ ਗੁਰਮੁਖ਼ੀ ਅਖ਼ਬਾਰ ਦੇ ਸੰਪਾਦਕ ਪ੍ਰੋ ਗੁਰਮੁਖ ਸਿੰਘ ਜੀ ਨਾਲ ਜਾਣ-ਪਛਾਣ ਕਰਵਾਓ।

ਉੱਤਰ: ਗੁਰਮੁਖ ਸਿੰਘ ਜੀ ਦਾ ਜਨਮ ਅਪਰੈਲ 1849, ਵਿੱਚ ਕਪੂਰਥਲਾ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਭਾਈ ਵਸਾਵਾ ਸਿੰਘ ਪਿੰਡ ਚੰਦੜ੍ਹ ਜ਼ਿਲ੍ਹਾ ਗੁੱਜਰਾਂਵਾਲਾ ਦੇ ਵਾਸੀ ਸਨ ਜੋ ਪਹਿਲਾਂ ਲਾਹੌਰ ਵਿੱਚ ਮਹਾਰਾਜਾ ਸ਼ੇਰ ਸਿੰਘ ਅਤੇ ਫੇਰ ਕਪੂਰਥਲਾ ਦੇ ਰਾਜਾ ਰਣਧੀਰ ਸਿੰਘ ਤੇ ਕੰਵਰ ਬਿਕਰਮ ਸਿੰਘ ਦੇ ਰਸੋਈਆ ਰਹੇ ਸਨ। ਕੰਵਰ ਬਿਕਰਮ ਸਿੰਘ ਨੇ ਹੀ ਭਾਈ ਸਾਹਿਬ ਦੀ ਤਾਲੀਮ ਦਾ ਪ੍ਰਬੰਧ ਕੀਤਾ ਅਤੇ ਮਗਰੋਂ ਗੁਰਮੁਖ ਸਿੰਘ ਜੀ ਨੇ ਸਰਕਾਰੀ ਕਾਲਜ ਲਾਹੌਰ ਤੋਂ ਉੱਚ ਵਿਦਿਆ ਹਾਸਲ ਕੀਤੀ। ਭਾਈ ਸਾਹਿਬ ਦੇ ਦਿਲ ਵਿੱਚ ਕੌਮ ਦੀ ਸੇਵਾ ਵਿਦਿਆ ਦੇ ਪਸਾਰ ਅਤੇ ਪੱਤਰਕਾਰੀ ਦਾ ਸ਼ੌਕ ਅਰੰਭ ਤੋਂ ਹੀ ਸੀ ਅਤੇ ਪੈਰ-ਪੈਰ ਤੀਬਰ ਹੁੰਦਾ ਗਿਆ। ਆਪ ਜੀ ਨੇ ਸੰਨ 1880, ਵਿੱਚ ਸਿੰਘ ਸਭਾ ਲਹਿਰ ਦਾ ਮੁੱਢ ਬੰਨ੍ਹਿਆ। ਗੁਰਮੁਖ ਸਿੰਘ ਜੀ ਅੰਮ੍ਰਿਤਸਰ ਦਾ ਖ਼ਾਲਸਾ ਕਾਲਜ 1893) ਕਾਇਮ ਕਰਨ ਵਾਲਿਆਂ ਵਿੱਚੋਂ ਮੋਢੀ ਸਨ। ਉਨ੍ਹਾਂ ਨੇ ਗੁਰਮੁਖੀ ਅਖ਼ਬਾਰ (1880) ਵਿਦਿਆਰਕ ਪੰਜਾਬ (1881), ਸੁਧਾਰਕ (1885), ਖ਼ਾਲਸਾ ਗਜ਼ਟ (1885) ਤੇ ਖ਼ਾਲਸਾ ਅਖ਼ਬਾਰ (1885) ਅਰੰਭੇ ਅਤੇ ਨਵੀਂ ਪੱਤਰਕਾਰੀ ਨੂੰ ਜਨਮ ਦਿੱਤਾ। ਆਪ ਓਰੀਐਂਟਲ ਕਾਲਜ ਲਾਹੌਰ ਵਿੱਚ ਪ੍ਰੋਫ਼ੈਸਰ ਅਤੇ ਪੰਜਾਬੀ ਬੋਲੀ ਦੇ ਮੁੱਢਲੇ ਵਾਰਤਕ ਲਿਖਾਰੀ ਸਨ। ਆਪ ਜੀ ਦਾ ਦੇਹਾਂਤ 19 ਸਤੰਬਰ 1898, ਨੂੰ ਪਟਿਆਲਾ ਰਿਆਸਤ ਦੇ ਇਲਾਕੇ ਕੰਡਾ ਘਾਟ ਦੇ ਪਿੰਡ ਸ੍ਰੀਨਗਰ ਵਿਖੇ ਹੋਇਆ।

191. ਭਾਰਤ ਦੀ ਅਜ਼ਾਦੀ ਲਈ ਲੜਦੇ ਕਿਸੇ ਚਾਰ ਆਗੂਆਂ ਅਤੇ ਉਨ੍ਹਾਂ ਵੱਲੋਂ ਅਰੰਭੇ ਅਖ਼ਬਾਰਾਂ ਦੇ ਨਾਮ ਲਿਖੋ।

| | |
|---|---|
| ਉੱਤਰ: 01. ਮੋਹਨਦਾਸ ਕਰਮ ਚੰਦ ਗਾਂਧੀ (ਮਹਾਤਮਾ ਗਾਂਧੀ) | ਯੰਗ ਇੰਡੀਆ ਤੇ ਹਰੀਜਨ |
| 02. ਮੁਹੰਮਦ ਅਲੀ ਜਿਨਾਹ | ਹਮਦਰਦ |
| 03. ਮਦਨ ਮੋਹਨ ਮਾਲਵੀਆ | ਲੀਡਰ |
| 04. ਜਵਾਹਰ ਲਾਲ ਨਹਿਰੂ | ਨੈਸ਼ਨਲ ਹੈਰਲਡ |

192. ਲਾਹੌਰ ਤੋਂ 'ਟ੍ਰਿਬਿਊਨ' ਦੀ ਸ਼ੁਰੂਆਤ ਬਾਰੇ ਇੱਕ ਨੋਟ ਲਿਖੇ ਕੇ ਜਾਣ-ਪਛਾਣ ਕਰਵਾਓ।

ਉੱਤਰ: ਟ੍ਰਿਬਿਊਨ ਦੀ ਸ਼ੁਰੂਆਤ ਸੰਨ 1881, ਵਿੱਚ ਆਰਿਆ ਸਮਾਜੀ ਸ੍ਰ ਦਿਆਲ ਸਿੰਘ ਮਜੀਠੀਆ ਨੇ ਕੀਤੀ ਸੀ। ਇਸ ਦੇ ਪਹਿਲੇ ਸੰਪਾਦਕ ਸੀਤਲਾ ਕਾਂਤ ਚੈਟਰਜੀ ਸਨ ਅਤੇ ਬਿਪਨ ਚੰਦਰ ਪਾਲ ਉਪ ਸੰਪਾਦਕ (ਸਬ-ਐਡੀਟਰ) ਵਜੋਂ ਕੰਮ ਕਰਦੇ ਹੋਏ ਆਪਣੀ ਸਟੀਕ ਲੇਖਣੀ ਨਾਲ ਟ੍ਰਿਬਿਊਨ ਦੀ ਪੈਂਠ ਬਨਾਉਣ ਵਿੱਚ ਕਾਮਯਾਬ ਰਹੇ। ਉਨ੍ਹਾਂ ਇੱਕ ਸਾਲ ਤੋਂ ਘੱਟ ਸਮਾਂ ਹੀ ਕੰਮ ਕੀਤਾ ਅਤੇ ਫਿਰ ਅਲਫ਼ਰਡ ਨੂਡੀ ਉਨ੍ਹਾਂ ਦਾ ਸਥਾਨ ਲਿਆ। ਸੰਨ 1911, ਵਿੱਚ ਅਲਾਹਾਬਾਦ ਤੋਂ ਲੀਡਰ ਦੇ ਸੰਪਾਦਕ ਨਗੇਂਦਰ ਨਾਥ ਗੁਪਤਾ ਆ ਕੇ ਟ੍ਰਿਬਿਊਨ ਦੇ ਸੰਪਾਦਕ ਬਣੇ ਅਤੇ ਟ੍ਰਿਬਿਊਨ ਵਿੱਚ ਅਗਲਾ ਠੋਸ ਕਾਰਜ 12 ਦਸੰਬਰ, 1917 ਨੂੰ ਸੰਪਾਦਕ ਬਣੇ ਕਾਲੀਨਾਥ ਰੇਅ ਨੇ ਕੀਤਾ। ਇਸ ਬੰਗਾਲੀ ਮੂਲ ਦੇ ਵਿਅਕਤੀ ਦੀ ਸੁਤੰਤਰ ਸੋਚ ਅਤੇ ਅਰਥਭਰਪੂਰ ਲਿਖਣ ਸ਼ੈਲੀ ਨੇ ਟ੍ਰਿਬਿਊਨ ਨੂੰ ਤਤਕਾਲੀ ਭਾਰਤੀ ਆਗੂਆਂ ਵਿੱਚ ਵੀ ਮਕਬੂਲ ਬਣਾ ਦਿੱਤਾ ਸੀ। ਸ਼੍ਰੀ ਰੇਅ 11 ਮਾਰਚ, 1943 ਤੱਕ ਸੰਪਾਦਕ ਰਹੇ ਅਤੇ ਵਿਗੜਦੀ ਸਿਹਤ ਤੇ ਸਰਕਾਰੀ ਜਬਰ ਕਾਰਨ ਬੰਗਾਲ ਪਰਤ ਗਏ। ਉਹ ਨਵੰਬਰ 1944, ਤੋਂ ਦਸੰਬਰ 1945, ਤੱਕ ਮੁੜ ਟ੍ਰਿਬਿਊਨ ਦੇ ਸੰਪਾਦਕ ਬਣੇ ਅਤੇ ਛੇਤੀ ਬਾਅਦ ਸਵਰਗਵਾਸ ਹੋ ਗਏ। ਟ੍ਰਿਬਿਊਨ ਵੰਡ ਦੇ ਭੇਟ ਚੜ੍ਹਿਆ ਅਤੇ 40 ਦਿਨ ਬੰਦ ਰਹਿਣ ਮਗਰੋਂ ਸ਼ਿਮਲੇ ਤੋਂ ਛਪਣ ਲੱਗਾ। ਮਈ 1948, ਵਿੱਚ ਟ੍ਰਿਬਿਊਨ ਦਾ ਮੁਕਾਮ ਅੰਬਾਲਾ ਬਣਿਆ ਅਤੇ ਫਿਰ ਸੰਨ 1969 ਤੋਂ 'ਦਿ ਟ੍ਰਿਬਿਊਨ' ਦੇ ਨਾਮ ਹੇਠ ਚੰਡੀਗੜ੍ਹ ਪੱਕਾ ਟਿਕਾਣਾ ਬਣਾ ਲਿਆ।

193. ਸਿਵਲ ਐਂਡ ਮਿਲਟਰੀ ਗਜ਼ਟ ਕੀ ਸੀ, ਸੰਖੇਪ ਜਾਣਕਾਰੀ ਦਿਓ।

ਉੱਤਰ: ਸਿਵਲ ਐਂਡ ਮਿਲਟਰੀ ਗਜ਼ਟ ਸ਼ਿਮਲਾ ਤੋਂ ਅਰੰਭਿਆ ਗਿਆ ਹਫ਼ਤਾਵਰੀ ਅੰਗਰੇਜ਼ੀ ਅਖ਼ਬਾਰ ਸੀ ਜੋ ਕਿ ਸੰਨ 1845, ਵਿੱਚ ਆਗਰਾ ਦੇ ਅਖ਼ਬਾਰ 'ਮਫਸਲਾਈਟ' ਨਾਲ ਰਲ਼ ਗਿਆ ਪਰ ਸੰਨ 1876, ਵਿੱਚ ਲਾਹੌਰ ਤੋਂ ਮੁੜ ਪ੍ਰਕਾਸ਼ਤ ਹੋਣ ਲੱਗਾ ਅਤੇ ਫਿਰ ਅਲਾਹਾਬਾਦ ਦਾ 'ਪਾਇਓਨੀਰ' ਇਸ ਵਿੱਚ ਰਲ਼ ਗਿਆ। ਇਹ ਸਾਰੇ ਅਖ਼ਬਾਰ ਭਾਰਤ ਵਿੱਚ ਵੱਸਦੇ ਬਰਤਾਨਵੀਆਂ ਲਈ ਛਪਦੇ ਸਨ। ਰੁਦਿਅਰਡ ਕਿਪਲਿੰਗ ਨੇ 17 ਸਾਲਾਂ ਦੀ ਉਮਰ ਵਿੱਚ ਲਾਹੌਰ ਤੋਂ ਛਪਦੇ ਸਿਵਲ ਐਂਡ ਮਿਲਟਰੀ ਗਜ਼ਟ ਲਈ ਹੀ ਲੇਖ ਲਿਖਣੇ ਅਰੰਭੇ ਸਨ। ਕਿਪਲਿੰਗ ਨੇ ਸੰਨ 1887, ਤੱਕ ਗਜ਼ਟ ਨਾਲ ਕੰਮ ਕੀਤਾ ਅਤੇ ਫਿਰ ਅਲਾਹਾਬਾਦ ਤੋਂ ਮੁੜ ਅਰੰਭੇ ਗਏ 'ਪਾਇਓਨੀਰ' ਦਾ ਸਹਾਇਕ ਸੰਪਾਦਕ ਬਣ ਕੇ ਲਾਹੌਰੋਂ ਚਲਾ ਗਿਆ। ਲਾਹੌਰ ਵਿੱਚ ਗਜ਼ਟ ਦੇ ਮੁਕਾਬਲੇ ਉਸ ਵੇਲੇ ਟ੍ਰਿਬਿਊਨ ਵੀ ਅਰੰਭ ਹੋ ਚੁੱਕਾ ਸੀ।

194. ਪ੍ਰੈੱਸ ਕੌਂਸਲ ਆਫ਼ ਇੰਡੀਆ ਕੀ ਹੈ, ਜਾਣ–ਪਛਾਣ ਕਰਵਾਓ।

ਉੱਤਰ: ਭਾਰਤ ਦੇ ਪਹਿਲੇ ਪ੍ਰੈੱਸ ਕਮਿਸ਼ਨ (1952–54) ਦੀ ਸਿਫ਼ਾਰਸ਼ ’ਤੇ ਪ੍ਰੈੱਸ ਦੀ ਆਜ਼ਾਦੀ ਨੂੰ ਕਾਇਮ ਰੱਖਦਿਆਂ ਅਖ਼ਬਾਰਾਂ, ਖ਼ਬਰ ਏਜੰਸੀਆਂ ਤੇ ਪੱਤਰਕਾਰਾਂ ਲਈ ਉਨ੍ਹਾਂ ਦੇ ਕਾਰਜਾਂ ਸਬੰਧੀ ਨਿਯਮਾਂਵਾਲੀ ਤਿਆਰ ਅਤੇ ਲਾਗੂ ਕਰਨ ਹਿੱਤ ਸੰਨ 1966, ਵਿੱਚ ਪ੍ਰੈੱਸ ਕੌਂਸਲ ਦੀ ਸਥਾਪਨਾ ਕੀਤੀ ਗਈ ਸੀ। ਪ੍ਰੈੱਸ ਕੌਂਸਲ, ਬਰਤਾਨਵੀਂ ਪ੍ਰੈੱਸ ਕੌਂਸਲ ਦੀ ਤਰਜ਼ ਉੱਤੇ ਬਣਾਈ ਗਈ ਪਰ ਭਾਰਤੀ ਪ੍ਰੈੱਸ ਕੌਂਸਲ ਨੇ ਸਿੱਧੇ ਤੌਰ ’ਤੇ ਕੋਈ ਵੀ ਨਿਯਮ–ਕਾਨੂੰਨ ਤਿਆਰ ਕਰਨ ਜਾਂ ਕਰਵਾਉਣ ਦੀ ਥਾਂ ਸੰਬਧਤ ਧਿਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਕਰਦਿਆਂ ਪ੍ਰੈੱਸ ਦੇ ਸਵੈ–ਕੰਟਰੋਲ ’ਤੇ ਹੀ ਜ਼ੋਰ ਦਿੱਤਾ ਹੈ। ਭਾਰਤ ਦੇ ਦੂਸਰੇ ਪ੍ਰੈੱਸ ਕਮਿਸ਼ਨ (1981) ਨੇ ਆਪਣੀ ਰਿਪੋਰਟ ਵਿੱਚ ਪ੍ਰੈੱਸ ਕੌਂਸਲ ਦੇ ਕਾਰਜਢੰਗ ਦੀ ਪ੍ਰੋੜ੍ਹਤਾ ਤਾਂ ਕੀਤੀ ਪਰ ਦੇਸ਼ ਵਿੱਚ ਅੰਦੂਰਨੀ ਐਮਰਜੈਂਸੀ (1975–77) ਲੱਗਣ ਦੇ ਮੌਕੇ ਅਤੇ ਉਸ ਤੋਂ ਬਾਅਦ ਵੀ ਪ੍ਰੈੱਸ ਕੌਂਸਲ ਆਪਣੇ ਕਾਰਜ ਖੇਤਰ ਵਿੱਚ ਕੋਈ ਬਹੁਤਾ ਪ੍ਰਭਾਵਸ਼ਾਲੀ ਰੋਲ ਅਦਾ ਨਹੀਂ ਕਰ ਸਕੀ। ਆਲ ਇੰਡੀਆ ਨਿਊਜ਼ਪੇਪਰ ਐਡੀਟਰਜ਼ ਕਾਨਫ਼ਰੰਸ (1953) ਦੀ ਪੱਤਰਕਾਰਾਂ ਲਈ 15 ਨੁਕਾਤੀ ਨਿਯਮਾਂਵਲੀ ਤੇ 08 ਨੁਕਾਤੀ ਐਡੀਟਰਜ਼ ਚਾਰਟਰ ਅਤੇ ਨਿਊਜ਼ਪੇਪਰ ਐਡੀਟਰਜ਼ ਕੋਡ ਆਫ਼ ਐਥਿਕਸ ਫ਼ਾਰ ਰਿਪੋਰਟਿੰਗ (1968) ਵਧੇਰੇ ਕਾਰਗਰ ਸਿੱਧ ਹੋਏ ਹਨ। ਪ੍ਰੈੱਸ ਕੌਂਸਲ ਦਾ ਮੁਖੀ ਸੁਪਰੀਮ ਕੋਰਟ ਦਾ ਕੋਈ ਰਿਟਾਇਰਡ ਜੱਜ ਹੁੰਦਾ ਹੈ। ਅੱਜਕੱਲ੍ਹ (ਸੰਨ 2022) ਪ੍ਰੈੱਸ ਕੌਂਸਲ ਦੇ ਮੁਖੀ ਜਸਟਿਸ (ਰਿਟ:) ਚੰਦਰਮੌਲੀ ਕੁਮਾਰ ਪ੍ਰਸਾਦ ਹਨ।

195. Photography ਜਾਂ ਤਸਵੀਰਾਂ ਦਾ ਅਖ਼ਬਾਰ ਵਿੱਚ ਕੀ ਰੋਲ ਹੁੰਦਾ ਹੈ? ਟਿਪਣੀ ਕਰੋ।

ਉੱਤਰ: ਸਾਡੀਆਂ ਜ਼ਿਆਦਤਰ ਅਖ਼ਬਾਰਾਂ ਤਸਵੀਰਾਂ ਆਦਿ ਦੀ ਵਰਤੋਂ ਉਸ ਪ੍ਰਕਾਰ ਨਹੀਂ ਕਰ ਰਹੀਆਂ ਜਿਸ ਪ੍ਰਕਾਰ ਉਹ ਅਖ਼ਬਾਰਾਂ ਨੂੰ ਤਸਵੀਰਾਂ ਦੀ ਸਹਾਇਤਾ ਨਾਲ ਵਧੇਰੇ ਪ੍ਰਭਾਵਸ਼ਾਲੀ ਬਣਾ ਸਕਦੀਆਂ ਹਨ। ਚੀਨ ਦਾ ਇੱਕ ਅਖਾਣ ਹੈ, ’ਇੱਕ ਵਧੀਆ ਤਸਵੀਰ ਉਹ ਵਿਖਾ ਸਕਦੀ ਹੈ ਜੋ ਇੱਕ ਹਜ਼ਾਰ ਸ਼ਬਦ ਵੀ ਪੂਰੀ ਤਰ੍ਹਾਂ ਨਹੀਂ ਦੱਸ ਸਕਦੇ।’ ਵਧੀਆ ਤਸਵੀਰਾਂ ਕਿਸੇ ਘਟਨਾ ਆਦਿ ਨੂੰ ਬਿਨਾਂ ਵਿਆਖਿਆ ਦੇ ਹੀ ਮਨੁੱਖੀ ਮਨ ਵਿੱਚ ਛਾਪ ਦਿੰਦੀਆਂ ਹਨ। ਖ਼ਾਸਕਰ ਅਨਪੜ੍ਹ ਵਿਅਕਤੀ ਤਾਂ ਤਸਵੀਰਾਂ ਦੇ ਜ਼ਰੀਏ ਹੀ ਵਧੇਰੇ ਚੰਗਾ ਪੜ੍ਹ ਸਕਦੇ ਹੁੰਦੇ ਹਨ। ਸਾਡੀਆਂ ਅਖ਼ਬਾਰਾਂ ਵਧੀਆ ਤਸਵੀਰਾਂ ਦੀ ਥਾਂ ਇਸ਼ਤਿਹਾਰਾਂ ਨੂੰ ਦੇ ਦਿੰਦੀਆਂ ਹਨ ਅਤੇ ਜਿੰਨਾ ਕੁ ਥਾਂ ਤਸਵੀਰਾਂ ਨੂੰ ਦਿੱਤਾ ਜਾਂਦਾ ਹੈ, ਉਹ ਤਸਵੀਰਾਂ ਦੀ ਦਰਸੁੱਤ ਵਿਆਖਿਆ (ਕੈਪਸ਼ਨ) ਦੀ ਅਣਹੋਂਦ ਵਿੱਚ ਬਹੁਤੀਆਂ ਪ੍ਰਭਾਵਸ਼ਾਲੀ ਨਹੀਂ ਰਹਿ ਜਾਂਦੀਆਂ।

196. ਪੰਜਾਬੀ ਅਖ਼ਬਾਰਾਂ ਦੇ ਕੁਝ ਅਜਿਹੇ ਸੰਪਾਦਕਾਂ ਦੇ ਨਾਮ ਦੱਸੋ ਜੋ ਇੱਕ ਤੋਂ ਵੱਧ ਅਖ਼ਬਾਰਾਂ ਦੇ ਸੰਪਾਦਕ ਰਹੇ ਹਨ?

| | |
|---|---|
| ਉੱਤਰ: 1. ਬਰਜਿੰਦਰ ਸਿੰਘ 'ਹਮਦਰਦ' | ਪੰਜਾਬੀ ਟ੍ਰਿਬਿਊਨ ਤੇ ਅਜੀਤ |
| 2. ਗੁਲਜ਼ਾਰ ਸਿੰਘ ਸੰਧੂ | ਪੰਜਾਬੀ ਟ੍ਰਿਬਿਊਨ ਤੇ ਦੇਸ਼ ਸੇਵਕ |
| 3. ਹਰਭਜਨ ਸਿੰਘ 'ਹਲਵਾਰਵੀ' | ਪੰਜਾਬੀ ਟ੍ਰਿਬਿਊਨ ਤੇ ਅੱਜ ਦੀ ਆਵਾਜ਼ |
| 4. ਸ਼ਿਗਾਰਾ ਸਿੰਘ ਭੁੱਲਰ | ਪੰਜਾਬੀ ਟ੍ਰਿਬਿਊਨ ਤੇ ਪੰਜਾਬੀ ਜਾਗਰਣ |
| 5. ਵਰਿੰਦਰ ਸਿੰਘ ਵਾਲੀਆ | ਪੰਜਾਬੀ ਟ੍ਰਿਬਿਊਨ ਤੇ ਪੰਜਾਬੀ ਜਾਗਰਣ |

197. ਪੰਜਾਬੀ ਦੀਆਂ ਪ੍ਰਮੁੱਖ ਅਖ਼ਬਾਰਾਂ ਦੇ ਮੌਜੂਦਾ ਸੰਪਾਦਕਾਂ ਦੇ ਨਾਮ ਲਿਖੋ।

ਉੱਤਰ: 1. ਰੋਜ਼ਾਨਾ ਅਜੀਤ -ਰਾਜਿੰਦਰ ਸਿੰਘ (ਬਰਜਿੰਦਰ ਸਿੰਘ)

2. ਪੰਜਾਬੀ ਟ੍ਰਿਬਿਊਨ -ਸਵਰਾਜ ਬੀਰ ਸਿੰਘ

3. ਪੰਜਾਬੀ ਜਾਗਰਣ- ਵਰਿੰਦਰ ਸਿੰਘ ਵਾਲੀਆ

4. ਜਗਬਾਣੀ- ਆਰ.ਐਸ. ਜੌਲੀ

5. ਸਪੋਕਸਮੈਨ- ਰਜਿੰਦਰ ਸਿੰਘ (ਜੋਗਿੰਦਰ ਸਿੰਘ)

198. ਪੰਜਾਬ ਵਿੱਚ ਕਿਹੜੇ ਹਿੰਦੀ ਅਖ਼ਬਾਰ ਪ੍ਰਚਲਤ ਹਨ?

ਉੱਤਰ: ਪੰਜਾਬ ਕੇਸਰੀ, ਅਮਰ ਉਜਾਲਾ, ਦੈਨਿਕ ਜਾਗਰਣ, ਦੈਨਿਕ ਸਵੇਰਾ, ਦੈਨਿਕ ਭਾਸਕਰ ਆਦਿ।

199. ਪੰਜਾਬ ਵਿੱਚ ਕਿਹੜੇ ਅੰਗਰੇਜ਼ੀ ਅਖ਼ਬਾਰ ਪ੍ਰਚਲਤ ਹਨ?

ਉੱਤਰ: ਦਿ ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਹਿੰਦੋਸਤਾਨ ਟਾਈਮਜ਼, ਟਾਈਮਜ਼ ਆਫ਼ ਇੰਡੀਆ ਆਦਿ।

200. ਪੰਜਾਬ ਦੇ ਕੋਈ 05 ਪ੍ਰਮੁੱਖ ਅਖ਼ਬਾਰਾਂ ਦੇ ਨਾਮ 'ਤੇ ਉਨ੍ਹਾਂ ਦੇ ਪ੍ਰਕਾਸ਼ਨ ਸਥਾਨ ਲਿਖੋ।

ਉੱਤਰ: 01. The Tribune- ਚੰਡੀਗੜ੍ਹ (HQ), ਗੁਰੂਗ੍ਰਾਮ, ਜਲੰਧਰ, ਬਠਿੰਡਾ

02. ਰੋਜ਼ਾਨਾ ਅਜੀਤ- ਜਲੰਧਰ (HQ), ਚੰਡੀਗੜ੍ਹ, ਬਠਿੰਡਾ

03. ਪੰਜਾਬੀ ਟ੍ਰਿਬਿਊਨ- ਚੰਡੀਗੜ੍ਹ (HQ), ਗੁਰੂਗ੍ਰਾਮ, ਜਲੰਧਰ, ਬਠਿੰਡਾ

04. ਪੰਜਾਬ ਕੇਸਰੀ- ਚੰਡੀਗੜ੍ਹ, ਜਲੰਧਰ (HQ), ਲੁਧਿਆਣਾ, ਬਠਿੰਡਾ, ਜੰਮੂ

05. ਪੰਜਾਬੀ ਜਾਗਰਣ- ਜਲੰਧਰ (HQ), ਚੰਡੀਗੜ੍ਹ